ਕੈਨੇਡਾ ਦਰਪਣ

ਨਵੰਬਰ 16- 23, 1988

November16- 23, 1988

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਪੰਜਾਬ 'ਚ ਕਤਲੇਆਮ ਜਾਰੀ

ਚੰਡੀਗੜ੍ਹ — ਭਾਰਤ ਦੇ ਪੰਜਾਬ ਰਾਜ ਵਿਚ ਚਲ ਰਹੀ ਅਤਿਵਾਦੀ ਹਿੰਸਾ ਵਿਚ ਇਕ ਕਮਿਊਨਿਸਟ ਅਤੇ ਇਕ ਕਾਂਗਰਸੀ ਨੂੰ ਹਤਿਆਰਿਆਂ ਨੇ ਕਤਲ ਕਰ ਦਿੱਤਾ ਹੈ। ਹੋਰਨੀ ਥਾਵੀਂ ਨੌਂ ਨਿਰਦੋਸ਼ੇ ਲੋਕਾਂ ਨੂੰ ਵੀ ਅਤਿਵਾਦੀਆਂ ਨੇ ਕਤਲ ਕਰ ਦਿੱਤਾ ਹੈ।

ਕਾਂਗਰਸੀ ਆਗੂ ਕਰਨੈਲ ਸਿੰਘ ਦੀ ਚਾਰ ਅਤਿਵਾਦੀਆਂ ਬਟਾਲੇ ਵਿਚ ਕਤਲ ਕਰ ਦਿੱਤਾ। ਕਰਨੈਲ ਸਿੰਘ ਪੱਤਰਕਾਰ ਵੀ ਸਨ ਉਹ ਜੱਗਬਾਣੀ ਲਈ ਕੰਮ ਕਰਦੇ ਸਨ।

ਜ਼ਿਲਾ ਅੰਮ੍ਰਿਤਸਰ ਵਿਚ ਤਿੰਨ ਅਤਿਵਾਦੀਆਂ ਨੇ ਇਕ ਵਪਾਰੀ ਦੇ ਘਰ ਜਾ ਕੇ ਉਸ ਤੋਂ ਭਾਰੀ ਰਕਮ ਦੀ ਮੰਗ ਕੀਤੀ। ਵਪਾਰੀ ਦੇ ਟਾਲ ਮਟੋਲ ਕਰਨ ਉਪਰ ਅਤਿਵਾਦੀਆਂ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਪਰ ਵਪਾਰੀ ਬਚ ਗਿਆ। ਵਪਾਰੀ ਨੇ ਫੁਰਤੀ ਕਰਕੇ ਜਦੋਂ ਉਨ੍ਹਾਂ ਉਪਰ ਗੋਲੀ ਚਲਾਈ ਤਾਂ ਇਕ ਅਤਿਵਾਦੀ ਮਾਰਿਆ ਗਿਆ ਤੇ ਦੋ ਦੌੜ ਗਏ।

ਪੁਲਸ ਨੇ 4 ਨਵੰਬਰ ਨੂੰ ਬਟਾਲੇ ਵਿਚ ਬੰਬ ਵਿਸਫੋਟ ਕਰਨ ਵਾਲੇ ਕੁਝ ਅਤਿਵਾਦੀਆਂ ਨੂੰ ਫੜ ਲਿਆ ਹੈ। ਜਿੰਨ੍ਹਾਂ ਨਾਲ 20 ਬੰਦੇ ਮਾਰੇ ਗਏ ਸਨ।

ਅੰਮ੍ਰਿਤਸਰ ਵਿਚ ਇਕ ਹੋਰ ਅਤਿਵਾਦੀ ਜਰਨੈਲ ਸਿੰਘ ਜਿਸ ਦਾ ਖਾਲਿਸਤਾਨ ਲਿਬਰੇਸ਼ਨ ਫੋਰਸ ਨਾਲ ਸੰਬੰਧ ਸੀ, ਪੁਲਸ ਦੀ ਗੋਲੀ ਨਾਲ ਮਾਰਿਆ ਗਿਆ।

ਇਕ ਹੋਰ ਖਬਰ ਅਨੁਸਾਰ 20 ਅਤਿਵਾਦੀ ਗ੍ਰਿਫਤਾਰ ਕੀਤੇ ਗਏ ਜਿੰਨ੍ਹਾਂ ਵਿਚ ਦੋ ਫੌਜ 'ਚੋਂ ਭਗੌੜੇ ਵੀ ਫੜੇ ਗਏ ਹਨ।

NOVEMBER 16-23, 1988 Vol. 07 No. 28
Out of Greater Vancouver 75¢
Second Class Mail Reg. No. 5991

ਕੈਨੇਡਾ ਦਰਪਣ

The Canada Darpan The Punjabi Newspaper
P.O.BOX 265, Surrey, B.C. V3T 4W8
Ph: (604) 581-4473

ਬੰਬਾਂ ਦੀ ਦੁਨੀਆਂ

ਲੰਡਨ — ਇਥੋਂ ਦੇ ਗਾਰਡੀਅਨ ਅਖਬਾਰ ਨੇ ਪ੍ਰਗਟਾਵਾ ਕੀਤਾ ਹੈ ਕਿ ਸੰਸਾਰ ਵਿਚ ਇਸ ਸਮੇਂ 13 ਦੇਸ਼ਾਂ ਕੋਲ ਪ੍ਰਮਾਣੂ ਬੰਬ ਹਨ। ਅਮਰੀਕਾ, ਸੋਵੀਅਤ ਯੂਨੀਅਨ, ਚੀਨ, ਇੰਗਲੈਂਡ ਅਤੇ ਫਰਾਂਸ ਤੋਂ ਬਿਨਾਂ ਭਾਰਤ, ਅਰਜਨ ਟਾਈਨਾ, ਪਾਕਿਸਤਾਨ, ਇਜ਼ਰਾਈਲ, ਦੱਖਣੀ ਅਫਰੀਕਾ, ਵੀਅਤਨਾਮ, ਉਤਰੀ ਕੋਰੀਆ ਤੇ ਕੋਲੰਬੀਆ ਵੀ ਸ਼ਾਮਲ ਹਨ

ਰੀਫੀਊਜ਼ੀ ਕਾਨੂੰਨ ਵਿਚ ਤਬਦੀਲੀ

ਪਹਿਲੀ ਜਨਵਰੀ ਤੋਂ ਲਾਗੂ ਹੋਵੇਗੀ

ਅਟਵਾ — ਕੈਨੇਡਾ ਸਰਕਾਰ ਨਵੇਂ ਬਣੇ ਰੀਫੀਊਜੀ ਕਾਨੂੰਨ ਨੂੰ 1 ਜਨਵਰੀ 1989 ਤੋਂ ਲਾਗੂ ਕਰ ਰਹੀ ਹੈ ਇਸ ਕਾਰਨ ਦੁਨੀਆਂ ਦੇ ਹੋਰ ਹਿੱਸਿਆਂ ਤੋਂ ਲੋਕ 1 ਜਨਵਰੀ ਤੋਂ ਪਹਿਲਾਂ ਪੁਜਣ ਦੀਆਂ ਕੋਸ਼ਿਸ਼ਾਂ ਵਿਚ ਹਨ। ਇਸ ਸਮੇਂ ਕੈਨੇਡਾ ਵਿਚ 70,000 ਰੀਫੀਊਜੀ ਹਨ।

ਨਵੇਂ ਬਣੇ ਇਮੀਗਰੇਸ਼ਨ ਅਤੇ ਰੀਫੀਊਜ਼ੀ ਬੋਰਡ ਦੇ ਚੇਅਰਮੈਨ ਗੋਰਡਨ ਫੇਅਰ ਵੈਦਰ ਨੇ ਕਿਹਾ ਕਿ ਨਵਾਂ ਸਿਸਟਮ ਸ਼ੁਰੂ ਹੋਣ ਤੋਂ ਪਹਿਲਾਂ ਲੋਕ ਕਿਸੇ ਨਾ ਕਿਸੇ ਢੰਗ ਨਾਲ ਕੈਨੇਡਾ ਪਹੁੰਚ ਰਹੇ ਹਨ ਕਿਉਂਕਿ ਉਹ ਸਮਝਦੇ ਹਨ ਕਿ 1 ਜਨਵਰੀ ਤੋਂ ਲਾਗੂ ਹੋਣ ਵਾਲਾ ਕਾਨੂੰਨ ਸਖਤੀ ਨਾਲ ਲਾਗੂ ਕੀਤਾ ਜਾਵੇਗਾ। ਮਿ: ਫੇਅਰਵੈਦਰ ਪਹਿਲਾਂ ਕੈਨੇਡਾ ਦੇ ਮਨੁੱਖੀ ਹੱਕਾਂ ਦੇ ਕਮਿਸ਼ਨਰ ਸਨ।

ਮਿ: ਫੇਅਰਵੈਦਰ ਦਾ ਕਹਿਣਾ ਹੈ:

- ਕਿ ਹਰ 10 ਰੀਫੀਊਜੀਆਂ ਵਿਚੋਂ 7 ਬੋਗਸ ਰੀਫੀਊਜੀ ਹਨ
- ਕਿ 95 ਫੀਸਦੀ ਕਲੇਮ ਕਰਨ ਵਾਲੇ ਪ੍ਰਬੰਧਕੀ ਰੀਵੀਊ ਕਾਰਨ ਦਾਖਲ ਕੀਤੇ ਗਏ ਹਨ।

ਬੋਗਸ ਰੀਫੀਊਜੀਆਂ ਲਈ ਮੁਸ਼ਕਲਾਂ

ਮਿ: ਫੇਅਰਵੈਦਰ ਨੇ ਕਿਹਾ ਕਿ ਨਵਾਂ ਸਿਸਟਮ ਲਾਗੂ ਹੋਣ ਨਾਲ ਸਹੀ ਰੀਫੀਊਜੀਆਂ ਨੂੰ ਤਾਂ ਛੇਤੀ ਰਹਿਣ ਦੀ ਪੱਕੀ ਆਗਿਆ ਮਿਲ ਜਾਇਆ ਕਰੇਗੀ ਪਰ ਨਕਲੀ ਰੀਫੀਊਜੀਆਂ ਲਈ ਇਥੇ ਟਿਕਣਾ ਮੁਸ਼ਕਲ ਹੋ ਜਾਵੇਗਾ।

ਪਹਿਲਾਂ ਆਏ ਰੀਫੀਊਜੀਆਂ ਦਾ ਕੀ ਬਣੇਗਾ?

ਮਿ: ਫੇਅਰਵੈਦਰ ਨੇ ਕਿਹਾ ਕਿ ਹੁਣ ਤੱਕ ਆ ਚੁਕੇ ਰੀਫੀਊਜੀਆਂ ਲਈ ਉਸ ਨੇ ਸੁਝਾਅ ਦਿੱਤਾ ਹੈ ਕਿ ਹੋਰ ਸਟਾਫ਼ ਰੱਖਕੇ ਉਨ੍ਹਾਂ ਦੇ ਕੇਸਾਂ ਦੀ ਸੁਣਵਾਈ ਕੀਤੀ ਜਾਵੇ। ਰਾਤਾਂ ਨੂੰ ਕੋਰਟਾਂ ਲਾਈਆਂ ਜਾਣ ਅਤੇ ਟੀਚਰ ਜਾਂ ਹੋਰ ਪੇਸ਼ਾਵਰਾਂ ਨੂੰ ਇਸ ਕੰਮ ਉਤੇ ਲਾਕੇ ਦੋ ਸਾਲਾਂ ਵਿਚ ਪਿਛਲੇ ਕੇਸ ਖਤਮ ਕੀਤੇ ਜਾਣ।

ਚੇਅਰਮੈਨ ਨੇ ਕਿਹਾ ਕਿ ਕੁਝ ਵਕੀਲ ਪਹਿਲਾਂ ਵਾਲੀ ਹਾਲਤ ਹੀ ਕਾਇਮ ਰੱਖਣਾ ਚਾਹੁੰਦੇ ਹਨ ਤੇ ਹੋ ਸਕਦਾ ਹੈ ਕਿ ਉਹ ਰਾਤ ਦੀਆਂ ਕੋਰਟਾਂ ਵਿਚ ਜਾਣ ਤੋਂ ਕਤਰਾਉਣ ਪਰ ਆਪਣੇ ਕਲਾਇੰਟ ਖਾਤਰ ਉਨ੍ਹਾਂ ਨੂੰ ਅਜਿਹਾ ਕਰਨਾ ਹੀ ਪਵੇਗਾ।

ਆਮ ਮੁਆਫ਼ੀ ਨਹੀਂ ਹੋਵੇਗੀ?

ਚੇਅਰਮੈਨ ਨੇ ਕਿਹਾ ਕਿ ਇਮੀਗਰੇਸ਼ਨ ਨੇ ਕਿਹਾ ਹੈ ਕਿ ਆਮ ਮੁਆਫ਼ੀ ਨਹੀਂ ਦਿੱਤੀ ਜਾਵੇਗੀ ਪਰ ਇਸ ਗੱਲ ਦੀ ਸੰਭਾਵਨਾ ਹੈ ਕਿ ਪ੍ਰਬੰਧਕੀ ਰੀਵੀਊ ਹੋਵੇ ਜਿਵੇਂ ਪਹਿਲਾਂ ਵੀ ਕੀਤਾ ਗਿਆ ਸੀ।

"ਜੇ ਆਮ ਮੁਆਫ਼ੀ ਦਾ ਐਲਾਨ ਕੀਤਾ ਜਾਵੇ ਤਾਂ ਹਰਇਕ ਨੂੰ ਰਹਿਣ ਦੀ ਆਗਿਆ ਮਿਲ ਜਾਂਦੀ ਹੈ ਬੇਸ਼ਕ ਉਹ ਅਪਰਾਧੀ ਹੀ ਕਿਉਂ ਨਾ ਹੋਵੇ ਜਾਂ ਉਸਨੂੰ ਸਰੀਰਕ ਸਮੱਸਿਆਵਾਂ ਹੋਣ ਪਰ ਪ੍ਰਬੰਧਕੀ ਰੀਵੀਊ ਵਿਚ ਅਪਰਾਧੀਆਂ ਦਾ ਪਤਾ ਲਾਇਆ ਜਾ ਸਕਦਾ ਹੈ। ਪ੍ਰਬੰਧਕੀ ਰੀਵੀਊ ਨਾਲ 95 ਫੀਸਦੀ ਕੇਸ ਖਤਮ ਹੋ ਸਕਦੇ ਹਨ।"



ਪੰਜਾਬੀ ਸੂਟ 'ਚ ਸਿਲਵੀਆ ਬਿਸ਼ਪ ਜੋ ਡੈਲਟਾ ਵਿਚ ਪਾਰਲੀਮੈਂਟ ਦੀ ਸੀਟ ਦੇ ਉਮੀਦਵਾਰ ਹਨ ਨਾਲ ਨੀਵੀਂ ਪਾਈ ਬੈਠੇ ਹਨ — ਸਾਡੇ ਐਮ. ਐਲ. ਏ. ਮੋਅ ਸਹੋਤਾ।

ਦੋ ਦਹਿਸ਼ਤਗਰਦਾਂ ਸਮੇਤ ਇਕੋ ਦਿਨ ਵਿਚ 11 ਹਲਾਕ

ਚੰਡੀਗੜ੍ਹ — ਪਿਛਲੇ ਵੀਰਵਾਰ ਦੇ ਦਿਨ ਪੰਜਾਬ ਵਿਚ 11 ਵਿਅਕਤੀ ਮਾਰੇ ਗਏ, ਛੇ ਜ਼ਖਮੀ ਹੋਏ ਅਤੇ ਪੰਜਾਬ ਤੇ ਹਰਿਆਣੇ ਵਿਚ 24 ਗ੍ਰਿਫਤਾਰੀਆਂ ਹੋਈਆਂ । ਮਰਨ ਵਾਲਿਆਂ ਵਿਚ ਦੋ ਦਹਿਸ਼ਤਗਰਦ ਮਾਰੇ ਗਏ । ਇਕ ਅਤਿਵਾਦੀ ਅਤਿਵਾਦੀਆਂ ਦੇ ਗੁਟਾਂ ਦੀ ਲੜਾਈ ਵਿਚ ਮਾਰੇ ਜਾਣ ਦੀ ਖਬਰ ਹੈ । ਗ੍ਰਿਫਤਾਰ ਹੋਣ ਵਾਲਿਆਂ ਵਿਚ ਪਨਾਹ ਦੇਣ ਵਾਲੇ ਵੀ ਸ਼ਾਮਲ ਹਨ ।

ਕਸ਼ਮੀਰਾ ਸਿੰਘ ਹਲਾਕ

ਅੰਮ੍ਰਿਤਸਰ ਦੇ ਭੈਰੋਵਾਲ ਪਿੰਡ ਵਿਚ ਕਸ਼ਮੀਰਾ ਸਿੰਘ ਦਹਿਸ਼ਤਗਰਦਾਂ ਹੱਥੋਂ ਮਾਰਿਆ ਗਿਆ। ਉਹ ਸਪੈਸ਼ਲ ਪੁਲਸ ਫੋਰਸ ਦਾ ਅਫ਼ਸਰ ਦੱਸਿਆ ਜਾਂਦਾ ਹੈ ਅਤੇ ਉਸ ਦੇ ਨਾਲ ਦਾ ਸਹਾਇਕ ਅਫ਼ਸਰ ਦਹਿਸ਼ਤਗਰਦਾਂ ਦੇ ਹਮਲੇ ਸਮੇਂ ਬਚਣ ਵਿਚ ਸਫ਼ਲ ਹੋ ਗਿਆ ।

ਕਪੂਰਥਲਾ 'ਚ ਲਾਸ਼

ਕਪੂਰਥਲਾ ਜ਼ਿਲੇ ਦੇ ਸਸਵਾਨ ਪਿੰਡ ਵਿਚ ਇਕ ਵਿਅਕਤੀ ਦੀ ਗੋਲੀਆਂ ਨਾਲ ਛਾਨਣੀ ਹੋਈ ਲਾਸ਼ ਮਿਲੀ। ਬਟਾਲਾ ਵਿਚ ਰਾਮਦੇਵ ਦੀ ਲਾਸ਼ ਤੇਜ਼ ਹਥਿਆਰਾਂ ਨਾਲ ਮਾਰੇ ਜਾਣ ਪਿਛੋਂ ਮਿਲੀ। ਹੁਸ਼ਿਆਰਪੁਰ ਵਿਚ ਹਰਭਜਨ ਸਿੰਘ ਦੀ ਲਾਸ਼ ਨੰਗਲ ਖੁੰਘੇ ਪਿੰਡ ਵਿਚ ਮਿਲੀ । ਖੰਨਾ ਮੰਡੀ ਵਿਚ ਦੋ ਭਰਾ ਭਗਵੰਤ ਸਿੰਘ ਤੇ ਜਗਵੰਤ ਸਿੰਘ ਦਹਿਸ਼ਤਗਰਦਾਂ ਹੱਥੋਂ ਮਾਰੇ ਗਏ ।

ਦੂਖ ਨਿਵਾਰਨ ਸਾਹਮਣੇ ਕਤਲ

ਪਟਿਆਲਾ ਵਿਚ ਦੂਖ ਨਿਵਾਰਨ ਗੁਰਦੁਆਰੇ ਦੇ ਸਾਹਮਣੇ ਦਹਿਸ਼ਤਗਰਦਾਂ ਨੇ ਗੋਲੀਆਂ ਚਲਾ ਕੇ ਦੋ ਵਿਅਕਤੀ ਮਾਰ ਦਿਤੇ ਅਤੇ ਇਕ ਸਕੂਲ ਟੀਚਰ ਪਰਮਜੀਤ ਕੌਰ ਨੂੰ ਜ਼ਖਮੀ ਕਰ ਦਿੱਤਾ। ਲੁਧਿਆਣਾਂ ਵਿਚ ਪੁਲਸ ਨਾਲ ਇਕ ਮੁਕਾਬਲੇ ਵਿਚ ਇਕ ਦਹਿਸ਼ਤਗਰਦ ਮਾਰਿਆ ਗਿਆ ।

ਰੋਪੜ 'ਚ ਸਾਬਕਾ ਸਰਪੰਚ ਕਤਲ

ਰੋਪੜ ਜ਼ਿਲੇ 'ਚ ਇਕ ਸਾਬਕਾ ਸਰਪੰਚ ਸੰਪੂਰਨ ਸਿੰਘ ਮਾਰਿਆ ਗਿਆ। ਇਹ ਘਟਨਾ ਮੱਕੜ ਪਿੰਡ ਵਿਚ ਵਾਪਰੀ। ਤਰਨਤਾਰਨ ਦੇ ਨੇੜੇ ਕੁੰਦਨ ਸਿੰਘ ਇਕ ਪਿੰਡ ਵਿਚ ਕਤਲ ਕਰ ਦਿੱਤਾ ਗਿਆ ।

ਹਰਿਆਣਾ ਵਿਚ ਡਾ: ਅਹੂਜਾ ਦਾ ਕਤਲ

ਅੰਬਾਲਾ ਸ਼ਹਿਰ ਵਿਚ ਲਾਇਲਪੁਰ ਕਾਲੋਨੀ ਵਿਚ ਦਹਿਸ਼ਤਗਰਦਾਂ ਨੇ ਡਾ: ਆਰ. ਐਸ ਅਹੂਜਾ ਦੀ ਹੱਤਿਆ ਕਰ ਦਿੱਤੀ। ਉਨ੍ਹਾਂ ਦੀ ਪਤਨੀ ਬੁਰੀ ਤਰ੍ਹਾਂ ਜ਼ਖਮੀ ਹੋ ਗਈ ।

18 ਗ੍ਰਿਫਤਾਰੀਆਂ

ਇਸੇ ਦੌਰਾਨ 18 ਅਜਿਹੇ ਦਹਿਸ਼ਤਗਰਦ ਫੜੇ ਗਏ ਜਿਨ੍ਹਾਂ ਦਾ ਪਠਾਨਕੋਟ, ਦੀਨਾਨਗਰ, ਗੁਰਦਾਸਪੁਰ ਦੇ ਬੰਬ ਧਮਾਕਿਆਂ ਨਾਲ ਸਬੰਧ ਸੀ। ਇਨ੍ਹਾਂ ਵਿਚ ਪੰਜ ਕੱਟੜ ਅਤਿਵਾਦੀ ਸ਼ਾਮਲ ਸਨ ਜਿਨ੍ਹਾਂ ਦੇ ਨਾਂ ਪਰਮਜੀਤ ਸਿੰਘ ਉਰਫ ਪੰਮੀ, ਸਤਨਾਮ ਸਿੰਘ ਉਰਫ ਸੱਤਾ, ਗੁਰਨਾਮ ਸਿੰਘ ਅਤੇ ਉਸਦਾ ਭਰਾ ਕਿਰਪਾਲ ਸਿੰਘ ਹਨ ।

ਸੁਖਵਿੰਦਰ ਉਰ.ਫ ਕਾਲਾ ਗ੍ਰਿਫਤਾਰ

ਇਕ ਹੋਰ ਖੂਨੀ ਦਹਿਸ਼ਤਗਰਦ ਸੁਖਵਿੰਦਰ ਉਰਫ ਕਾਲਾ ਵੀ ਗ੍ਰਿਫਤਾਰ ਕੀਤਾ ਗਿਆ ।

ਨੈਲਸਨ ਮੰਡੇਲਾ ਦੀ ਰਿਹਾਈ ਦੀ ਆਸ

ਟਰਾਂਟੋ — ਖਬਰ ਹੈ ਕਿ ਅਫਰੀਕਨ ਨੈਸ਼ਨਲ ਕਾਂਗਰਸ ਦੇ ਮਹਾਨ ਆਗੂ ਨੈਲਸਨ ਮੰਡੇਲਾ ਦੇ ਛੇਤੀ ਹੀ ਕੈਦ ਵਿਚੋਂ ਰਿਹਾ ਕੀਤੇ ਜਾਣ ਦੀ ਉਮੀਦ ਹੈ। ਕੈਨੇਡਾ ਵਿਚ ਏ. ਐਨ. ਸੀ. ਦੇ ਨੁਮਾਇੰਦੇ ਸ੍ਰੀ ਯੂਸਫ ਸਲੂਜੀ ਨੇ ਕਿਹਾ ਹੈ ਕਿ ਮੰਡੇਲਾ ਨੂੰ ਛੇਤੀ ਮੁਕਤ ਕਰਨ ਦੀ ਉਮੀਦ ਹੈ । ਜੋ ਕਿ 27 ਸਾਲਾਂ ਤੋਂ ਨਸਲਵਾਦੀ ਦੱਖਣੀ ਅਫਰੀਕਾ ਦੀ ਸਰਕਾਰ ਨੇ ਜੇਲ੍ਹ ਵਿਚ ਬੰਦ ਕੀਤਾ ਹੋਇਆ ਹੈ ।

ਅਫਰੀਕਨ ਨੈਸ਼ਨਲ ਕਾਂਗਰਸ ਦੱਖਣੀ ਅਫਰੀਕਾ ਵਿਚ ਰੰਗ ਭੇਦ ਤੇ ਆਧਾਰਤ ਪ੍ਰਬੰਧ ਨੂੰ ਖਤਮ ਕਰਨ ਲਈ ਸੰਘਰਸ਼ ਕਰ ਰਹੀ ਹੈ ਜਿਸ ਨੂੰ ਸਾਰੇ ਸੰਸਾਰ ਦੀ ਹਮਾਇਤ ਹਾਸਲ ਹੈ । ਪਿਛਲੇ ਦਿਨੀਂ ਸ੍ਰੀ ਮੰਡੇਲਾ ਦੀ ਸਤਰਵੀਂ ਵਰ੍ਹੇਗੰਢ ਉਪਰ ਸੰਸਾਰ ਭਰ ਵਿਚ ਜਸ਼ਨ ਮਨਾ ਕੇ ਉਨ੍ਹਾਂ ਦੀ ਰਿਹਾਈ ਦੀ ਮੰਗ ਕੀਤੀ ਗਈ ਸੀ ।

ਕੁਝ ਮਹੀਨੇ ਹੋਏ ਸਨ ਸ੍ਰੀ ਮੰਡੇਲਾ ਨੂੰ ਤਪਦਿਕ ਦੀ ਬੀਮਾਰੀ ਨੋਟ ਕੀਤੀ ਗਈ ਸੀ। ਜਿਸ ਕਾਰਨ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ ਸੀ। ਫਿਰ ਹਸਪਤਾਲ ਤੋਂ ਨਰਸਿੰਗ ਹੋਮ ਵਿਚ ਭੇਜ ਦਿੱਤਾ ਗਿਆ ਸੀ । ਉਮੀਦ ਹੈ ਕ੍ਰਿਸਮਿਸ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਰਿਹਾ ਕਰ ਦਿਤਾ ਜਾਵੇਗਾ। ਕਿਹਾ ਜਾਂਦਾ ਹੈ ਕਿ ਇਹ ਸੰਸਾਰ ਦੀ ਮਨੁਖਤਾ ਦੀ ਇਕ ਬੇਇਨਸਾਫੀ ਉਪਰ ਵੱਡੀ ਜਿੱਤ ਹੋਵੇਗੀ।

ਅਸੀਂ ਕਦੇ 'ਖਾਲਿਸਤਾਨ' ਨਹੀਂ ਮੰਗਿਆ — ਤਲਵੰਡੀ

ਅੰਮ੍ਰਿਤਸਰ — ਸਾਂਝੇ ਅਕਾਲੀ ਦਲ (ਤਲਵੰਡੀ) ਦੇ ਪ੍ਰਧਾਨ ਜਗਦੇਵ ਸਿੰਘ ਤਲਵੰਡੀ ਨੇ ਇਥੇ ਕਿਹਾ ਕਿ ਅਕਾਲੀ ਦਲ ਨੇ ਕਦੇ ਵੀ 'ਖਾਲਿਸਤਾਨ' ਦੀ ਮੰਗ ਨਹੀਂ ਕੀਤੀ ਸਗੋਂ ਅਸੀਂ ਆਪਣੀਆਂ ਸਮੱਸਿਆਵਾਂ ਵਿਧਾਨ ਦੇ ਅੰਦਰ ਰਹਿਕੇ ਹੀ ਸੁਲਝਾਉਣ ਦੀ ਵਕਾਲਤ ਕੀਤੀ ਹੈ। ਉਨ੍ਹਾਂ ਕਿਹਾ ਕਿ ਅਨੰਦਪੁਰ ਦੇ ਮਤੇ ਦੀ ਮੰਗ ਦਾ ਸਬੰਧ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਨਾਲ ਹੈ ਨਾਕਿ ਅਸੀਂ ਕੋਈ ਵੱਖਰਾ ਰਾਜ ਮੰਗ ਰਹੇ ਹਾਂ ।

ਪ੍ਰੋ: ਦਰਸ਼ਨ ਸਿੰਘ ਦਾ ਬਿਆਨ

ਇਥੇ ਪ੍ਰੋ: ਦਰਸ਼ਨ ਸਿੰਘ ਜਥੇਦਾਰ ਅਕਾਲ ਤਖਤ ਨੇ ਕਿਹਾ ਕਿ ਸਿੱਖਾਂ ਦੀ ਏਕਤਾ ਬਿਨਾਂ ਕੋਈ ਵੀ ਸਮਝੌਤਾ ਸਿਰੇ ਨਹੀਂ ਚੜ੍ਹ ਸਕਦਾ। ਇਸ ਲਈ ਪਹਿਲਾਂ ਵੱਖ ਵੱਖ ਧੜਿਆਂ ਦੀ ਏਕਤਾ ਜ਼ਰੂਰੀ ਹੈ । ਉਨ੍ਹਾਂ ਕਿਹਾ ਕਿ ਉਹ ਸਿੱਖਾਂ ਦੇ ਆਤਮ-ਸਨਮਾਨ ਲਈ ਲੜ ਰਹੇ ਹਨ ।

ਸਿੰਮੀ ਗਰੇਵਾਲ ਵਲੋਂ ਰਾਜੀਵ ਉਤੇ ਫਿਲਮ

ਬੰਬਈ — ਪ੍ਰਸਿੱਧ ਫਿਲਮੀ ਐਕਟਰੈਸ ਸਿੰਮੀ ਗਰੇਵਾਲ ਨੇ ਇਥੇ ਕਿਹਾ ਕਿ ਉਹ 'ਇੰਡੀਆ-ਰਾਜੀਵ' ਨਾਂ ਦੀ ਇਕ ਡਾਕੂਮੈਂਟਰੀ ਫਿਲਮ ਬਣਾ ਰਹੀ ਹੈ ਜੋ 15 ਅਗਸਤ 1989 ਨੂੰ ਦਿਖਾਈ ਜਾਵੇਗੀ ।

ਸਿੰਮੀ ਗਰੇਵਾਲ ਨੇ ਕਿਹਾ ਕਿ ਰਾਜੀਵ ਦੇ ਬਚਪਨ ਤੋਂ ਲੈ ਕੇ ਹੁਣ ਤੱਕ ਦੀ ਕਹਾਣੀ ਉਸ ਫਿਲਮ ਵਿਚ ਦਿਖਾਈ ਜਾਵੇਗੀ ।

3 ਲੱਖ ਨਿਰੰਕਾਰੀਆਂ ਦਾ ਇਕੱਠ

ਨਵੀਂ ਦਿੱਲੀ — ਇਥੇ ਇਹ ਵੱਡੇ ਨਿਰੰਕਾਰੀ ਇਕੱਠ ਹੋਣ ਦੀ ਖਬਰ ਮਿਲੀ ਹੈ ਜਿਥੇ 3 ਲੱਖ ਤੋਂ ਵੱਧ ਨਿਰੰਕਾਰੀ ਯੂਰਪ, ਉਤਰੀ ਅਮਰੀਕਾ, ਬੰਗਕਾਕ, ਹਾਂਗਕਾਂਗ ਦੇਸ਼ਾਂ ਤੋਂ ਪੁਜੇ। ਇਹ ਨਿਰੰਕਾਰੀਆਂ ਦਾ 41ਵਾਂ ਸੰਤ ਸਮਾਗਮ ਸੀ। ਸਰਕਾਰ ਵਲੋਂ ਡਾਕਟਰੀ ਸੇਵਾਵਾਂ, ਡਾਕ ਸੇਵਾਵਾਂ ਆਦਿ ਦਾ ਮੁਕੰਮਲ ਪ੍ਰਬੰਧ ਕੀਤਾ ਗਿਆ ਸੀ। ਨਿਰੰਕਾਰੀਆਂ ਨੇ ਇਕ ਨਵੀਂ ਬਸਤੀ ਵੀ ਵਸਾਈ ਹੋਈ ਸੀ ਜੋ 50 ਹੈਕਟੇਅਰ ਵਿਚ ਸੀ । 2000 ਪੁਲਸ ਵਾਲੇ ਹਾਜ਼ਰ ਸਨ ।

ਪਾਕਿਸਤਾਨ ਵਿਚ ਚੋਣਾਂ ਅੱਜ ਨਤੀਜੇ ਪਰਸੋਂ ਤੱਕ ਪਤਾ ਲੱਗਣਗੇ

ਇਸਲਾਮਾਬਾਦ — ਖਬਰ ਹੈ ਕਿ ਗਿਆਰਾਂ ਸਾਲਾਂ ਦੇ ਫੌਜੀ ਰਾਜ ਪਿਛੋਂ ਪਾਕਿਸਤਾਨ ਵਿਚ 16 ਨਵੰਬਰ ਨੂੰ ਕੌਮੀ ਅਸੈਂਬਲੀ ਲਈ ਚੋਣਾਂ ਹੋ ਰਹੀਆਂ ਹਨ ਇਸ ਵਾਰ ਚੋਣਾਂ ਵਿਚ ਪਾਰਟੀਆਂ ਨੂੰ ਹਿਸਾ ਲੈਣ ਦੀ ਆਗਿਆ ਦਿੱਤੀ ਗਈ ਹੈ। ਇਨ੍ਹਾਂ ਚੋਣਾਂ ਵਿਚ 264 ਮੈਂਬਰਾਂ ਦੀ ਚੋਣ ਕੀਤੀ ਜਾਣੀ ਹੈ। 70 ਤੋਂ ਵੱਧ ਪਾਰਟੀਆਂ ਇਸ ਵਿਚ ਭਾਗ ਲੈ ਰਹੀਆਂ ਹਨ। ਦਸ ਕਰੋੜ ਦੀ ਆਬਾਦੀ ਵਾਲੇ ਪਾਕਿਸਤਾਨ ਵਿਚ ਚਾਰ ਕਰੋੜ ਵੀਹ ਲੱਖ ਵੋਟਰ ਹਿਸਾ ਲੈ ਰਹੇ ਹਨ। ਬਹੁਤ ਸਾਰੇ ਲੋਕਾਂ ਨੂੰ ਵੋਟਰ ਸੂਚੀ ਵਿਚ ਅਤੇ ਸ਼ਨਾਖਤੀ ਕਾਰਡ ਜਾਰੀ ਨਹੀਂ ਕੀਤੇ ਗਏ। ਆਮ ਅੰਦਾਜ਼ਾ ਹੈ ਕਿ ਜੇ ਸਾਰਿਆਂ ਯੋਗ ਵੋਟਰਾਂ ਨੂੰ ਆਗਿਆ ਦਿੱਤੀ ਜਾਵੇ ਤਾਂ ਵੋਟਰਾਂ ਦੀ ਗਿਣਤੀ ਸੱਤ ਕਰੋੜ ਤੋਂ ਵੱਧ ਹੋਣਾਂ ਸੀ।

ਚੋਣਾਂ ਦਾ ਪ੍ਰਬੰਧ

ਪਾਕਿਸਤਾਨ ਦੇ ਪ੍ਰਧਾਨ ਗੁਲਾਮ ਇਸਾਕ ਖਾਂ ਨੇ ਕੌਮ ਦੇ ਨਾਂ ਇਕ ਭਾਸ਼ਨ ਵਿਚ ਕਿਹਾ ਹੈ ਕਿ ਚੋਣਾਂ ਸਮੇਂ ਕਿਸੇ ਗੜਬੜ ਨੂੰ ਰੋਕਣ ਲਈ ਦੇਸ਼ ਭਰ ਵਿਚ ਚੋਣ ਬੂਥਾਂ ਉਤੇ ਫੌਜ ਲਾ ਦਿੱਤੀ ਗਈ ਹੈ। ਮੁਖ ਸ਼ਹਿਰਾਂ ਵਿਚ ਫੌਜ ਗਸ਼ਤ ਲਾ ਰਹੀ ਹੈ ਅਤੇ ਮੋਰਚੇ ਸੰਭਾਲੀ ਬੈਠੀ ਹੈ।

ਇਸਲਾਮੀ ਉਮੀਦਵਾਰ

ਪ੍ਰਧਾਨ ਨੇ ਲੋਕਾਂ ਨੂੰ ਕਿਹਾ ਹੈ ਕਿ ਜਿਹੜੇ ਉਮੀਦਵਾਰ ਇਸਲਾਮ ਦੇ ਅਸੂਲਾਂ ਉਪਰ ਚੱਲਦੇ ਹਨ। ਪੰਜ ਵੇਲੇ ਨਮਾਜ਼ ਪੜ੍ਹਦੇ ਹਨ ਅਜਿਹੇ ਉਮੀਦਵਾਰਾਂ ਨੂੰ ਚੁਣਿਆ ਜਾਣਾ ਚਾਹੀਦਾ ਹੈ। ਵੋਟਰਾਂ ਨੂੰ ਆਪਣੀ ਜ਼ਮੀਰ ਦੀ ਆਵਾਜ਼ ਅਨੁਸਾਰ ਵੋਟ ਪਾਉਣੀ ਚਾਹੀਦੀ ਹੈ। ਪਤਾ ਲੱਗਾ ਹੈ ਕਿ ਪ੍ਰਧਾਨ ਦੇ ਇਸ ਭਾਸ਼ਨ ਨੂੰ ਇਸਲਾਮੀ ਪਾਰਟੀਆਂ ਦੇ ਗੱਠਜੋੜ ਦੀ ਹਿਮਾਇਤ ਵਜੋਂ ਸਮਝਿਆ ਜਾ ਰਿਹਾ ਹੈ। ਲਾਹੌਰ ਦੇ ਇਕ ਪ੍ਰਸਿਧ ਅਖਬਾਰ ਨਵੀਸ ਨੇ ਬੀ ਬੀ ਸੀ ਨੂੰ ਦੱਸਿਆ ਕਿ ਚੋਣਾਂ ਵਿਚ ਕਿਸ ਉਮੀਦਵਾਰ ਨੂੰ ਵੋਟ ਪਾਉਣੀ ਹੈ ਇਸ ਗੱਲ ਦਾ ਫੈਸ਼ਲਾ ਵੋਟਰਾਂ ਨੇ ਕਰਨਾ ਹੈ ਨਾ ਕਿ ਸ਼ਰਾਹ ਨੂੰ ਜਾਣਨ ਵਾਲੇ ਮੌਲਵੀਆਂ ਮੁਲਾਣਿਆਂ ਨੇ।

ਮੁਹਿਮ ਦਾ ਖਾਤਮਾ

ਪਤਾ ਲੱਗਾ ਹੈ ਸੋਮਵਾਰ ਅੱਧੀ ਰਾਤ ਨੂੰ ਚੋਣ ਮੁਹਿਮ ਖਤਮ ਹੋ ਗਈ ਹੈ। ਰਾਜਨੀਤਕ ਪਾਰਟੀਆਂ ਨੇ ਜਲੂਸ-ਜਲਸੇ ਖਤਮ ਕਰ ਦਿੱਤੇ ਹਨ। ਹੁਣ ਕੋਈ ਸ਼ੋਰ ਸ਼ਰਾਬਾ ਨਹੀਂ ਹੈ। ਮੰਗਲ ਦਾ ਦਿਨ ਵੀ ਸ਼ਾਂਤ ਲੰਘ ਗਿਆ ਹੈ। ਕਿਸੇ ਪਾਸੇ ਕੋਈ ਗੜਬੜ ਦੀ ਖਬਰ ਨਹੀਂ ਹੈ। ਇਕ ਮਾਮੂਲੀ ਘਟਨਾ ਵਿਚ ਇਸਲਾਮਾਬਾਦ ਵਿਚ ਇਕ ਵਿਅਕਤੀ ਦੇ ਜ਼ਖਮੀ ਹੋਣ ਦੀ ਖਬਰ ਹੈ।

ਪੀਪਲਜ਼ ਪਾਰਟੀ

ਖਬਰ ਹੈ ਕਿ ਪੀਪਲਜ਼ ਪਾਰਟੀ ਨੂੰ ਆਪਣੀ ਜਿੱਤ ਵਿਚ ਪੂਰਾ ਭਰੋਸਾ ਹੈ। ਓਧਰ ਇਸਲਾਮੀ ਪਾਰਟੀਆਂ ਵੀ ਜਿੱਤ ਦੇ ਦਾਅਵੇ ਕਰ ਰਹੀਆਂ ਹਨ। ਖਬਰ ਹੈ



ਕਿ ਪੀਪਲਜ਼ ਪਾਰਟੀ ਦੀ ਪ੍ਰਧਾਨ ਬੇਨਜ਼ੀਰ ਭੁੱਟੋ ਨੇ ਕਿਹਾ ਹੈ ਕਿ ਮੁਲਕ ਨੂੰ ਮੁੜ ਕੇ ਜਮਹੂਰੀ ਲੀਹਾਂ ਉਪਰ ਪਾਇਆ ਜਾਵੇਗਾ। ਸਕੂਲਾਂ, ਹਸਪਤਾਲਾਂ ਅਤੇ ਸੜਕਾਂ ਆਦਿ ਦੀ ਉਸਾਰੀ ਵੱਲ ਖਾਸ ਧਿਆਨ ਦਿੱਤਾ ਜਾਵੇਗਾ।

ਅਫਗਾਨ ਸਮੱਸਿਆ

ਇਹ ਵੀ ਖਬਰ ਹੈ ਕਿ ਜੇਕਰ ਇਸਲਾਮ ਗਠਜੋੜ ਦੀਆਂ ਪਾਰਟੀਆਂ ਜਿੱਤ ਗਈਆਂ ਤਾਂ ਪਾਕਿਸਤਾਨ ਵਿਚ ਬੈਠੇ ਪੰਜ ਲੱਖ ਅਫਗਾਨ ਏਸੇ ਤਰ੍ਹਾਂ ਹੀ ਭੰਨ ਤੋੜ ਅਤੇ ਡਾਕੇ ਚੋਰੀਆਂ ਤੇ ਕਤਲ ਦਾ ਵਾਤਾਵਰਣ ਬਣਾਈ ਰੱਖਣਗੇ। ਪਿਛਲੇ ਦਿਨ ਬੇਨਜ਼ੀਰ ਭੁੱਟੋ ਨੇ ਪਿਸ਼ਾਵਰ ਵਿਚ ਇਕ ਭਾਸ਼ਨ ਸਮੇਂ ਕਿਹਾ ਕਿ ਅਫਗਾਨ ਸਾਡੇ ਭਰਾ ਹਨ ਉਮੀਦ ਹੈ ਕਿ ਉਹ ਚੋਣਾਂ ਸਮੇਂ ਗੈਰਜਾਨਵਦਾਰ ਰਹਿਣਗੇ। ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਅਫਗਾਨ ਇਸਲਾਮੀ ਪਾਰਟੀਆਂ ਦਾ ਪੱਖ ਲੈਣਗੇ ਕਿਉਂਕਿ ਉਨ੍ਹਾਂ ਨੂੰ ਫੌਜੀ ਹਮਾਇਤ ਵੀ ਪ੍ਰਾਪਤ ਹੈ।

ਭਾਰਤ ਨਾਲ ਸੰਬੰਧ

ਰਾਜਨੀਤਕ ਹਲਕੇ ਪਾਕਿਸਤਾਨ ਦੀਆਂ ਚੋਣਾਂ ਦੇ ਨਤੀਜਿਆਂ ਨੂੰ ਭਾਰਤ ਨਾਲ ਸੰਬੰਧਾਂ ਦੇ ਪਰਕਰਨ ਵਿਚ ਵਿਸ਼ੇਸ਼ ਮਹੱਤਤਾ ਦੇ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੀਪਲਜ਼ ਪਾਰਟੀ ਦੀ ਜਿੱਤ ਦੇ ਸਿੱਟੇ ਵਜੋਂ ਭਾਰਤ ਨਾਲ ਸੰਬੰਧ ਸੁਧਰ ਜਾਣਗੇ। ਪਾਕਿਸਤਾਨ ਵਲੋਂ ਖਾਲਿਸਤਾਨੀਆਂ ਨੂੰ ਮਿਲ ਰਹੇ ਹਥਿਆਰਾਂ ਦੇ ਬੰਦ ਹੋਣ ਦੀ ਪੂਰੀ ਸੰਭਾਵਨਾ ਹੈ ਜਿਸ ਨਾਲ ਪੰਜਾਬ ਵਿਚ ਦੀ ਹਾਲਤ ਵੀ ਨਿਸਚੇ ਹੀ ਸੁਧਰੇਗੀ।

ਕਾਰਾਂ ਦੀ ਇੰਨਸ਼ੋਰੈਂਸ ਵਿਚ ਹੋਰ ਵਾਧਾ
ਐਕਸੀਡੈਂਟ ਕਰਨ ਵਾਲਿਆਂ ਨੂੰ ਰਗੜਾ

ਵਿਕਟੋਰੀਆ — ਹੁਣ ਜਦ ਵੀ ਤੁਸੀਂ ਦੁਬਾਰਾ ਕਾਰ ਇੰਨਸ਼ੋਰੈਂਸ ਲਵੋਂਗੇ ਤਾਂ ਵੱਡੀ ਚਿੱਕ ਦੇਣੀ ਪਵੇਗੀ। ਉਦਾਹਰਣ ਦੇ ਤੌਰ ਉਤੇ ਜੇ ਇਸ ਵਰ੍ਹੇ ਤੁਸੀਂ 680 ਡਾਲਰ ਦਿੱਤੇ ਹਨ ਤਾਂ ਅਗਲੇ ਸਾਲ ਇਹ 740 ਹੋ ਜਾਣੇ ਹਨ। ਇਹ ਵੀ ਕੇਵਲ ਇਸ ਕਰਕੇ ਜੇ ਤੁਸੀਂ ਕੋਈ ਐਕਸੀਡੈਂਟ ਨਹੀਂ ਕੀਤੀ।

ਜੇ ਤੁਸੀਂ **ਇਕ ਐਕਸੀਡੈਂਟ** ਕੀਤਾ ਹੈ ਤਾਂ 64 ਫੀਸਦੀ ਵਾਧਾ ਭਾਵ 1112 ਡਾਲਰ ਦੇਵੋਂਗੇ।

ਜੇ ਤੁਸੀਂ **ਦੋ ਐਕਸੀਡੈਂਟ** ਕੀਤੇ ਹਨ ਤਾਂ 118 ਫੀਸਦੀ ਵਾਧਾ ਭਾਵ 1483 ਡਾਲਰ ਤਿਆਰ ਰੱਖੋ।

ਜੇ ਤੁਸੀਂ **ਤਿੰਨ ਐਕਸੀਡੈਂਟ** ਕੀਤੇ ਹਨ ਤਾਂ 172 ਫੀਸਦੀ ਵਾਧਾ ਭਾਵ 1853 ਡਾਲਰ ਦਾ ਮਾਂਜਾ।

ਇਹ ਰੇਟ 1 ਜਨਵਰੀ, 1989 ਤੋਂ ਲਾਗੂ ਹੋਣਗੇ ਪਰ ਨਵੀਆਂ ਪਾਲਸੀਆਂ ਲਈ ਤੁਰੰਤ ਲਾਗੂ ਹੋ ਗਏ ਹਨ।

ਗੁਰੂ ਨਾਨਕ ਜਨਮ ਦਿਵਸ ਸਮੇਂ ਤਿੰਨ ਹਜ਼ਾਰ ਯਾਤਰੀ ਪਾਕਿਸਤਾਨ ਜਾਣਗੇ

ਅੰਮ੍ਰਿਤਸਰ — ਖਬਰ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਦੇ ਸੰਬੰਧ ਵਿਚ 3000 ਸ਼ਰਧਾਲੂ ਪਾਕਿਸਤਾਨ ਜਾਣਗੇ। ਇਹ ਲੋਕ ਗੁਰੂ ਨਾਨਕ ਦੇਵ ਦੇ 23 ਨਵੰਬਰ ਦੇ ਗੁਰਪੁਰਬ ਲਈ ਜਾ ਰਹੇ ਹਨ।

ਖਬਰ ਹੈ ਕਿ ਇਨ੍ਹਾਂ ਲੋਕਾਂ ਨੇ ਪਹਿਲਾਂ 19 ਨਵੰਬਰ ਨੂੰ ਰਵਾਨਾ ਹੋਣਾ ਸੀ ਪਰ ਹੁਣ ਇਹ 21 ਨਵੰਬਰ ਨੂੰ ਜਾ ਰਹੇ ਹਨ। ਇਸ ਤਬਦੀਲੀ ਦਾ ਕਾਰਨ ਪਾਕਿਸਤਾਨ ਵਿਚ ਹੋ ਰਹੀਆਂ 16 ਨਵੰਬਰ ਦੀਆਂ ਚੋਣਾਂ ਸਨ।

ਸ੍ਰੀ ਨਨਕਾਣਾ ਸਾਹਿਬ ਵਿਚ ਗੁਰਪੁਰਬ ਮਨਾਉਣ ਤੋਂ ਪਿਛੋਂ ਇਹ ਯਾਤਰੀ ਸ੍ਰੀ ਪੰਜਾ ਸਾਹਿਬ ਦੀ ਯਾਤਰਾ ਕਰਨਗੇ। ਅਤੇ ਇਹ ਲਾਹੌਰ ਵਿਚ ਗੁਰਦੁਆਰਾ ਡੇਰਾ ਸਾਹਿਬ ਵੀ ਜਾਣਗੇ।

ਮਸਜਦ ਵਿਚ 10 ਕਤਲ

ਢਾਕਾ — ਬੰਗਲਾ ਦੇਸ਼ ਦੇ ਇਕ ਹਵਾਈ ਸੈਨਾ ਦੇ ਕਾਰਕੁਨ ਨੇ ਜੈਸੋਰ ਵਿਚ ਇਕ ਮਸਜਦ ਵਿਚ ਗੋਲੀ ਚਲਾਕੇ 10 ਬੰਦੇ ਹਲਾਕ ਕਰ ਦਿੱਤੇ। ਉਸ ਸਮੇਂ ਮੁਸਲਮਾਨ ਬੰਗਲਾਦੇਸ਼ੀ ਮਸਜਦ ਵਿਚ ਨਿਮਾਜ਼ ਪੜ੍ਹ ਰਹੇ ਸਨ। ਪਿਛੋਂ ਉਸ ਹਵਾਈ ਫੌਜ ਦੇ ਸੈਨਿਕ ਨੇ ਆਪਣੇ ਗੋਲੀ ਮਾਰਕੇ ਆਤਮ-ਹੱਤਿਆ ਕਰ ਲਈ।

ਮੰਗਲਵਾਰ ਨੂੰ ਹੋਏ ਇਸ ਹਾਦਸੇ ਵਿਚ 50 ਦੇ ਕਰੀਬ ਵਿਅਕਤੀ ਗੋਲੀਆਂ ਦੀ ਬੁਛਾੜ ਕਾਰਨ ਜ਼ਖਮੀ ਹੋਏ। ਇਨ੍ਹਾਂ ਵਿਚੋਂ ਬਹੁਤੇ ਹਵਾਈ ਫੌਜ ਦੇ ਹੀ ਸੈਨਕ ਸਨ।

ਸੋਨੇ ਦਾ ਰੇਟ

539 ਡਾਲਰ ਕੈਨੇਡੀਅਨ (ਇਕ ਔਂਸ)
216 ਡਾਲਰ ਕੈਨੇਡੀਅਨ (ਇਕ ਤੋਲਾ)
172 ਡਾਲਰ ਕੈਨੇਡੀਅਨ (10 ਗ੍ਰਾਮ)
(ਏ. ਸੀ. ਜਿਊਲਰਜ਼ ਦੇ ਧੰਨਵਾਦ ਸਹਿਤ — ਫ਼ੋਨ 588-5808)

1000 ਰੁਪਏ ਦਾ ਰੇਟ

85.50 ਕੈਨੇਡੀਅਨ ਡਾਲਰ
(ਸਟੇਟ ਬੈਂਕ ਆਫ਼ ਇੰਡੀਆ ਦੇ ਧੰਨਵਾਦ ਸਹਿਤ — 681-3428)

ਅਫਗਾਨ ਲੀਡਰ ਵਲੋਂ ਅਮਰੀਕਾ ਉਤੇ ਦੋਸ਼
ਗੁਰੀਲਿਆਂ ਨੂੰ ਹਥਿਆਰ ਸਪਲਾਈ ਜਾਰੀ

ਨੀਊਯਾਰਕ — ਅਫਗਾਨਿਸਤਾਨ ਦੇ ਪ੍ਰਧਾਨ ਮੰਤਰੀ ਨੇ ਅਮਰੀਕਾ ਉਤੇ ਦੋਸ਼ ਲਾਇਆ ਹੈ ਕਿ ਅਮਰੀਕਾ ਇਕ ਪਾਸੇ ਤਾਂ ਇਹ ਜ਼ੋਰ ਦੇ ਰਿਹਾ ਹੈ ਕਿ ਸੋਵੀਅਤ ਯੂਨੀਅਨ ਆਪਣੀਆਂ ਫੌਜਾਂ ਅਫਗਾਨਿਸਤਾਨ ਵਿਚੋਂ ਕੱਢੇ ਪਰ ਦੂਜੇ ਪਾਸੇ ਗੁਰੀਲਿਆਂ ਨੂੰ ਲਗਾਤਾਰ ਪਾਕਿਸਤਾਨ ਰਾਹੀਂ ਹਥਿਆਰ ਸਪਲਾਈ ਕੀਤੇ ਜਾ ਰਹੇ ਹਨ ਜਿਸ ਨਾਲ ਪੇਂਡੂ ਇਲਾਕਿਆਂ ਵਿਚ ਆਮ ਲੋਕ ਮਾਰੇ ਜਾ ਰਹੇ ਹਨ।

ਮੁਹੰਮਦ ਹਸਨ ਸ਼ਾਰਕ ਨੇ ਯੂ. ਐਨ. ਓ. ਵਿਚ ਬੋਲਦਿਆਂ ਕਿਹਾ ਕਿ 15 ਫਰਵਰੀ, 1989 ਤੱਕ ਸੋਵੀਅਤ ਫੌਜਾਂ ਦੇਸ਼ ਵਿਚੋਂ ਚਲੀਆਂ ਜਾਣਗੀਆਂ ਪਰ ਇਹ ਇਸ ਗੱਲ ਉਤੇ ਨਿਰਭਰ ਕਰਦਾ ਹੈ ਕਿ ਅਮਰੀਕਾ ਗੁਰੀਲਿਆਂ ਨੂੰ ਹਥਿਆਰ ਦੇਣੇ ਬੰਦ ਕਰੇਗਾ ਜਾਂ ਨਹੀਂ। ਉਨ੍ਹਾਂ ਕਿਹਾ ਕਿ ਪਾਕਿਸਤਾਨ ਅਤੇ ਅਮਰੀਕਾ ਹੀ ਸੋਵੀਅਤ ਫੌਜਾਂ ਨੂੰ ਰੋਕ ਰਹੇ ਹਨ।

ਸ਼ਾਰਕ ਨੇ ਕਿਹਾ ਕਿ ਅਫਗਾਨਿਸਤਾਨ ਵਿਚ ਸੋਵੀਅਤ ਫੌਜਾਂ ਨੂੰ ਮੁਲਕ ਦੀ ਆਜ਼ਾਦੀ ਬਚਾਉਣ ਲਈ ਸੱਦਿਆ ਗਿਆ ਸੀ ਪਰ ਜੇ ਅਮਰੀਕਾ ਆਪਣੇ ਕਾਰਿਆਂ ਤੋਂ ਬਾਜ਼ ਨਾ ਆਇਆ ਤਾਂ ਸੋਵੀਅਤ ਮੱਦਦ ਲੈਣ ਲਈ ਅਸੀਂ ਮਜਬੂਰ ਹੋਵਾਂਗੇ। ਉਨ੍ਹਾਂ ਹੈਰਾਨੀ ਪ੍ਰਗਟ ਕੀਤੀ ਕਿ ਇਕ ਪਾਸੇ ਅਮਰੀਕਾ ਜੈਨੇਵਾ ਸਮਝੌਤੇ ਦੀ ਦੁਹਾਈ ਦੇ ਰਿਹਾ ਹੈ ਦੂਜੇ ਪਾਸੇ ਲਗਾਤਾਰ ਗੁਰੀਲਿਆਂ ਨੂੰ ਹਥਿਆਰ ਦੇ ਰਿਹਾ ਹੈ।

ਰੋਡੇ ਵਿਰੁਧ ਭੜਕਾਊ ਭਾਸ਼ਨ ਕਰਨ ਤੇ ਕੇਸ ਦਰਜ

ਫਰੀਦਕੋਟ — ਖਬਰ ਹੈ ਕਿ ਅਕਾਲ ਤਖਤ ਦੇ ਬਰਖਾਸਤ ਕੀਤੇ ਗਏ ਸਾਬਕਾ ਜਥੇਦਾਰ ਜਸਬੀਰ ਸਿੰਘ ਰੋਡੇ ਵਿਰੁਧ ਪੁਲਸ ਨੇ ਇਕ ਕੇਸ ਦਰਜ ਕੀਤਾ ਹੈ। ਉਨ੍ਹਾਂ ਉਪਰ ਦੋਸ਼ ਹੈ ਕਿ ਉਨ੍ਹਾਂ 25 ਸਤੰਬਰ ਨੂੰ ਛਪਾਰ ਮੇਲੇ ਵਿਖੇ ਇਕ ਸਭਾ ਵਿਚ ਲੋਕਾਂ ਨੂੰ ਭੜਕਾਉਣ ਵਾਲਾ ਭਾਸ਼ਨ ਦਿੱਤਾ ਸੀ। ਯਾਦ ਰਹੇ ਸ੍ਰੀ ਰੋਡੇ ਨੂੰ ਸਰਕਾਰ ਨਾਲ ਮਿਲਣ ਦਾ ਦੋਸ਼ ਲਾ ਕੇ ਜਥੇਦਾਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ।

ਸ੍ਰੀ ਰੋਡੇ ਤੋਂ ਇਲਾਵਾ 8 ਹੋਰ ਅਕਾਲੀਆਂ ਉਪਰ ਵੀ ਇਹ ਦੋਸ਼ ਲਾਇਆ ਗਿਆ ਹੈ ਜਿਸ ਵਿਚ ਇਕ ਸਾਬਕ ਵਜ਼ੀਰ ਵੀ ਸ਼ਾਮਲ ਹੈ, ਇਹ ਸੁਚਾ ਸਿੰਘ ਛੋਟੇਪੁਰ ਅਤੇ ਪਾਰਲੀਮੈਂਟ ਮੈਂਬਰ ਚਰਨ ਜੀਤ ਸਿੰਘ ਵਾਲੀਆ ਵੀ ਸ਼ਾਮਲ ਹਨ।

ਵਧੀਆ ਸਰਕਾਰ ਉਂਞ ਹੀ ਨਹੀਂ ਬਣਦੀ

ALDERMEN


Cam Avery



Ald. Baker



Ald. Bellamy


Gim H. Huey


Lynne Kent


Ald. Owen


Ald. Price


Ald. Puil


Sandra Wilking


Mayor Gordon Campbell

"20 ਸਾਲ ਮਿਉਂਸਪਲ ਕੌਂਸਲ ਵਿਚ ਕੰਮ ਕਰਕੇ ਮੈਂ ਦੇਖਿਆ ਹੈ ਕਿ ਇਸ ਤੋਂ ਵਧੀਆ ਕੌਂਸਲ ਅੱਗੇ ਕਦੇ ਨਹੀਂ ਬਣੀ। ਨਿਰਪੱਖ ਪਹੁੰਚ ਅਪਣਾ ਕੇ ਹੀ ਮਿਉਂਸਪਲ ਸਰਕਾਰ ਵਧੀਆ ਕੰਮ ਕਰ ਸਕਦੀ ਹੈ ਤੇ ਵੈਨਕੂਵਰ ਨੂੰ ਪਹਿਲ ਦੇ ਸਕਦੀ ਹੈ।"

ਜੌਰਜ ਪਿਉਲ, ਸੀਨੀਅਰ ਐਲਡਰਮੈਨ

"ਉਹ ਔਖੇ ਮਸਲਿਆਂ ਤੋਂ ਭੱਜਦੇ ਨਹੀਂ। ਮੈਂ ਮਹਿਸੂਸ ਕੀਤਾ ਹੈ ਕਿ ਮੇਅਰ ਕੈਂਬਲ ਸਦਾ ਸੱਚ ਬੋਲਦਾ ਹੈ। ਜਿਸ ਢੰਗ ਨਾਲ ਉਸ ਨੇ ਗੈਰ-ਕਾਨੂੰਨੀ ਸੁਈਟਾਂ ਅਤੇ ਬੱਚਿਆਂ ਦੀ ਸੰਭਾਲ ਲਈ ਟਾਸਕ ਫੋਰਸ ਉਤੇ ਕੰਮ ਕੀਤਾ ਹੈ, ਉਸ ਵਿਚ ਅਸਲੀ ਲੀਡਰਸ਼ਿਪ ਦਿਖਾਈ ਹੈ।"


ਕੈਰੀ ਟੇਲਰ, ਸਕੂਲ ਟੀਚਰ

"ਕੈਂਬਲ ਦੀ ਐਨ. ਪੀ. ਏ. ਨੇ ਛੋਟੇ ਵਪਾਰਾਂ ਲਈ ਇੰਨਾ ਕੰਮ ਕੀਤਾ ਹੈ ਜਿੰਨਾ ਹੋਰ ਕਿਸੇ ਕੌਂਸਲ ਨੇ ਨਹੀਂ ਕੀਤਾ। ਛੋਟੇ ਵਪਾਰਾਂ ਲਈ ਕੌਂਸਲ ਸਥਾਪਤ ਕਰਕੇ ਉਸ ਨੇ ਆਰਥਿਕ ਤੌਰ ਉਤੇ ਮਜ਼ਬੂਤ ਕੀਤਾ ਹੈ।"

ਰੌਬਰਟ ਜੂਰਰ, ਪ੍ਰੈਜੀਡੈਂਟ ਵੈਦਰਹੇਵਨ ਰੀਸੋਰਸਜ਼

SCHOOL BOARD


Trustee Brown


Trustee Denike


Craig Hemer


Ian Bruce Kelsey


Trustee McRae


Trustee Navin


Trustee Poburko


Robert Sanzalone


Trustee Sara

ਆਪਣੀ ਵੋਟ ਜ਼ਰੂਰ ਪਾਓ !

ਸ਼ਨਿਚਰਵਾਰ, 19 ਨਵੰਬਰ

NPA

PARK BOARD


Com. Ashford


Com. Bennett


Com. Chiavario


Art Cowie


Com. Richardson


Com. Skov


Com. Wainborn

ਅਕਾਲੀ ਲੀਡਰਾਂ ਨੇ ਅਹੁਦੇ ਵੰਡ ਲਏ — ਅਗਲਾ ਮੁਖ ਮੰਤਰੀ ਬਾਦਲ

ਅੰਮ੍ਰਿਤਸਰ — ਖਬਰ ਹੈ ਕਿ ਪੰਜਾਬ ਵਿਚ ਸਾਬਕਾ ਅਕਾਲੀ ਮੁਖ ਮੰਤਰੀ ਸ੍ਰੀ ਸੁਰਜੀਤ ਸਿੰਘ ਬਰਨਾਲਾ ਨੇ ਅਕਾਲੀਆਂ ਵਿਚ ਹੋਏ ਸਮਝੌਤੇ ਅਨੁਸਾਰ ਸ੍ਰੀ ਅਕਾਲ ਤਖਤ ਉਪਰ 5 ਦਸੰਬਰ ਨੂੰ ਹਾਜ਼ਰ ਹੋ ਕੇ ਮਾਫੀ ਮੰਗਣ ਲਈ ਜਾਣਾ ਹੈ।

ਅਕਾਲ ਤਖਤ ਦੇ ਜਥੇਦਾਰ ਪ੍ਰੋ: ਦਰਸ਼ਨ ਸਿੰਘ ਨੇ ਸ੍ਰੀ ਬਰਨਾਲੇ ਨੂੰ ਕਿਹਾ ਹੈ ਕਿ ਉਹ 5 ਦਸੰਬਰ ਨੂੰ ਹਾਜ਼ਰ ਹੋ ਕੇ ਮਾਫੀ ਮੰਗੇ ਅਤੇ ਆਪਣਾ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫਾ ਵੀ ਨਾਲ ਜੇਬ ਵਿਚ ਪਾ ਕੇ ਲਿਆਵੇ।

ਯਾਦ ਰਹੇ ਪੰਜਾਬ ਦੇ ਹੁਣ ਦੇ ਚਾਲੂ ਸੰਕਟ ਨੂੰ ਅਸਲ ਵਿਚ ਸ੍ਰੀ ਜਗਦੇਵ ਸਿੰਘ ਤਲਵੰਡੀ ਨੇ ਜਨਮ ਦਿਤਾ ਸੀ ਜਿਸ ਨੇ ਕਿ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਲੱਥਣ ਪਿਛੋਂ ਬਣੇ ਪ੍ਰਧਾਨ ਸ਼ਹੀਦ ਹਰਚੰਦ ਸਿੰਘ ਲੌਂਗੋਵਾਲ ਦੀ ਚੋਣ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ।



ਪ੍ਰਕਾਸ਼ ਸਿੰਘ ਬਾਦਲ

ਅਕਾਲੀ ਦਲਾਂ ਵਿਚ ਪਤਾ ਲੱਗਾ ਹੈ ਕਿ ਏਕਤਾ ਫਾਰਮੂਲਾ ਤੈਅ ਹੋ ਗਿਆ ਹੈ ਜਿਸ ਅਨੁਸਾਰ ਸਭ ਤੋਂ ਪਹਿਲਾਂ ਸੁਰਜੀਤ ਸਿੰਘ ਬਰਨਾਲਾ ਨੂੰ ਅਕਾਲ ਤਖਤ ਉਤੇ ਹਾਜ਼ਰ ਕਰਕੇ ਤਨਖਾਹ ਲਾਈ ਜਾਏਗੀ ਤੇ ਮੁੜ ਪੰਥ ਵਿਚ ਲੈ ਲਿਆ ਜਾਏਗਾ। ਸ਼੍ਰੋਮਣੀ ਕਮੇਟੀ ਦੀਆਂ ਨਵੀਆਂ ਚੋਣਾਂ ਵਿਚ ਜਥੇਦਾਰ ਟੌਹੜਾ ਨੂੰ ਹੀ 19ਵੀਂ ਵਾਰ ਕਮੇਟੀ ਦਾ ਪ੍ਰਧਾਨ ਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਾਇਆ ਜਾਏਗਾ। ਪ੍ਰਕਾਸ਼ ਸਿੰਘ ਬਾਦਲ ਨੂੰ ਨਵੀਆਂ ਚੋਣਾਂ ਤੋਂ ਬਾਅਦ ਮੁਖ ਮੰਤਰੀ ਬਣਾਇਆ ਜਾਏਗਾ। ਜਿਥੋਂ ਤੱਕ ਸੁਰਜੀਤ ਸਿੰਘ ਬਰਨਾਲਾ ਦਾ ਸੰਬੰਧ ਹੈ ਉਹਨਾਂ ਨੂੰ ਅਕਾਲੀ ਪਾਰਲੀਮੈਂਟਰੀ ਬੋਰਡ ਦਾ ਨੇਤਾ ਬਣਾਇਆ ਜਾਏਗਾ ਚੋਣਾਂ ਲਈ ਟਿਕਟਾਂ ਦੀ ਵੰਡ ਕਰਨ ਲਈ ਵੀ ਉਹ ਹੀ ਚੋਣ ਕਮੇਟੀ ਦੇ ਮੁਖੀ ਹੋਣਗੇ।

ਕੈਪਟਨ ਵੀ ਤਿਆਰ

ਉਧਰ ਕੈਪਟਨ ਅਮਰਿੰਦਰ ਸਿੰਘ ਪ੍ਰਕਾਸ਼ ਸਿੰਘ ਬਾਦਲ ਨੂੰ ਆਪਣਾ ਨੇਤਾ ਮੰਨਣ ਲਈ ਸਹਿਮਤ ਹੋ ਗਏ ਹਨ। ਉਹਨਾਂ ਨੇ ਕਹਿ ਦਿੱਤਾ ਹੈ ਕਿ ਉਹ ਬਾਦਲ ਦੀ ਅਗਵਾਈ ਵਿਚ ਪੂਰੀ ਵਫਾਦਾਰੀ ਨਾਲ ਪਾਰਟੀ ਤੇ ਕੌਮ ਦੀ ਦੇਸ਼ ਦੀ ਸੇਵਾ ਕਰਨਗੇ। ਗੁਰਚਰਨ ਸਿੰਘ ਟੌਹੜਾ ਦੀ ਅਗਵਾਈ ਵੀ ਉਹ ਕਬੂਲ ਕਰਨਗੇ। ਇਸ ਲਈ ਵੀ ਉਹਨਾਂ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ।

ਮੁਕਤਸਰ ਦੀ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਇਕ ਮੀਟਿੰਗ ਹੋਈ ਜਿਸ ਵਿਚ ਸ਼੍ਰੋਮਣੀ ਕਮੇਟੀ ਦੇ 15 ਮੈਂਬਰ ਸ਼ਾਮਲ ਹੋਏ। ਮੀਟਿੰਗ ਵਿਚ ਏਕਤਾ ਤੇ ਹੜ੍ਹ ਦੀ ਸਥਿਤੀ ਨਾਲ ਨਿਪਟਣ ਬਾਰੇ ਵਿਚਾਰ ਵਟਾਂਦਰਾ ਹੋਇਆ। ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੇ ਐਕਟਿੰਗ ਪ੍ਰਧਾਨ ਹਰਿੰਦਰ ਸਿੰਘ ਵੀ ਸ਼ਾਮਲ ਹੋਏ। ਇਸ ਵਿਚ ਫਿਰੋਜ਼ਪੁਰ ਤੇ ਜ਼ਿਲਾ ਫਰੀਦਕੋਟ ਦੇ ਮੈਂਬਰ ਸ਼ਾਮਲ ਹੋਏ। ਜਥੇਦਾਰ ਸੁਬੇਗ ਸਿੰਘ (ਲੌਂ:) ਤੇ ਬਲਦੇਵ ਸਿੰਘ ਸਿਬੀਆ (ਬਾਦਲ) ਵਿਚਕਾਰ ਕਾਫੀ ਗਰਮਾ ਗਰਮੀ ਹੋਈ। ਅਖੀਰ ਦੋਹਾਂ ਦੇ ਗਿਲੇ ਸ਼ਿਕਵੇ ਦੂਰ ਹੋ ਗਏ। ਮੀਟਿੰਗ ਵਿਚ ਮੈਂਬਰ ਏਕਤਾ ਦੇ ਹਾਮੀ ਸਨ।

ਮੀਟਿੰਗ ਵਿਚ ਸ਼ਾਮਲ ਹੋਣ ਵਾਲੇ ਮੈਂਬਰਾਂ ਵਿਚ ਹਰਿੰਦਰ ਸਿੰਘ ਐਕਟਿੰਗ ਪ੍ਰਧਾਨ ਤੋਂ ਇਲਾਵਾ ਸ਼ਿਵ ਸਿੰਘ ਖੁਸੀਪੁਰ, ਬਲਦੇਵ ਸਿੰਘ ਸਿਬੀਆ, ਅਜੀਤ ਸਿੰਘ ਅਰਾਈਆਂ, ਅਜੈਬ ਸਿੰਘ, ਕਰਨੈਲ ਸਿੰਘ, ਜਗੀਰ ਸਿੰਘ, ਚਰਨਜੀਤ ਸਿੰਘ, ਗੁਰਪਾਲ ਸਿੰਘ ਗਰੇਵਾਲ, ਜੋਗਿੰਦਰ ਸਿੰਘ ਜੋਗੀ, ਜਥੇਦਾਰ ਸੁਬੇਗ ਸਿੰਘ ਸ਼ਾਮਲ ਹੋਏ।

ਪਤਾ ਲੱਗਿਆ ਹੈ ਕਿ ਗੁਰਚਰਨ ਸਿੰਘ ਟੌਹੜਾ ਪਾਸ ਸੀਨੀਅਰ ਅਕਾਲੀ ਨੇਤਾ ਬਚਿੱਤਰ ਸਿੰਘ ਐਡਵੋਕੇਟ ਨੂੰ ਜੋਧਪੁਰ ਭੇਜਿਆ ਗਿਆ ਹੈ। ਕੁਝ ਨੇਤਾਵਾਂ ਨੂੰ ਹੋਰ ਸੂਬਿਆਂ 'ਚ ਵੀ ਭੇਜਿਆ ਹੈ ਜਿਥੇ ਨਜ਼ਰਬੰਦ ਅਕਾਲੀ ਨੇਤਾਵਾਂ ਨੂੰ ਏਕਤਾ ਵਾਰਤਾ ਦੇ ਵੇਰਵਿਆਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।

ਬਟਾਲਾ 'ਚ ਕਰਫੀਊ ਖਤਮ

ਚੰਡੀਗੜ੍ਹ — ਪੰਜਾਬ ਸਰਕਾਰ ਨੇ ਬਟਾਲਾ ਕਸਬੇ ਵਿਚੋਂ ਕਰਫੀਊ ਖਤਮ ਕਰ ਦਿੱਤਾ ਹੈ ਪਰ ਇਸੇ ਦੌਰਾਨ 24 ਗ੍ਰਿਫਤਾਰੀਆਂ ਹੋਈਆਂ।

ਸਰੀ-ਡੈਲਟਾ ਇੰਮੀਗਰੈਂਟ ਸਰਵਿਸਜ਼ ਸੁਸਾਇਟੀ ਵਲੋਂ 'ਦੀਵਾਲੀ' ਦਾ ਸਮਾਗਮ

ਸੁਸਾਇਟੀ ਵਲੋਂ 18 ਨਵੰਬਰ, 1988 ਨੂੰ ਸ਼ੁਕਰਵਾਰ ਸ਼ਾਮ ਦੇ ਸਾਢੇ ਛੇ ਵਜੇ 'ਦੀਵਾਲੀ' ਦਾ ਸਮਾਗਮ **Cedar Hills School, 12370-98 Ave., Surrey** ਵਿਚ ਮਨਾਇਆ ਜਾ ਰਿਹਾ ਹੈ ਜਿਥੇ ਨਾਚ, ਸੰਗੀਤ ਅਤੇ ਹੋਰ ਮਨੋਰੰਜਨ ਵੀ ਹੋਵੇਗਾ।

ਭਾਰਤੀ ਸਨੈਕ ਤੇ ਭਾਰਤੀ ਖਾਣ ਵਾਲੀਆਂ ਚੀਜ਼ਾਂ ਵੀ ਮਿਲਣਗੀਆਂ। ਕੋਈ ਟਿਕਟ ਨਹੀਂ ਹੈ।

ਜੇ ਤੁਸੀਂ ਜਾਣਾ ਚਾਹੁੰਦੇ ਹੋ ਤਾਂ ਸੋਨੀਆ ਬਿਲਕੂ ਨੂੰ 585-2933 ਉਤੇ ਫੋਨ ਕਰੋ ਤਾਂਕਿ ਖਾਣੇ ਦਾ ਵਧੀਆ ਪ੍ਰਬੰਧ ਹੋ ਸਕੇ। ਆਪਣੇ ਪ੍ਰਵਾਰ ਨਾਲ ਪੁਜੋ।

ਗੋਰਬਾਚੋਵ 18 ਨਵੰਬਰ ਨੂੰ ਭਾਰਤ ਜਾਵੇਗਾ

ਮਾਸਕੋ — ਖਬਰ ਹੈ ਸੋਵੀਅਤ ਯੂਨੀਅਨ ਦੇ ਪ੍ਰਧਾਨ ਅਤੇ ਸੋਵੀਅਤ ਕਮਿਊਨਿਸਟ ਪਾਰਟੀ ਦੇ ਜਨਰਲ ਸੈਕਟਰੀ ਮਿਸਟਰ ਮਿਖਾਈਲ ਗੋਰਬਾਚੋਵ 18 ਨਵੰਬਰ 1988 ਤੋਂ ਚਾਰ ਦਿਨਾਂ ਭਾਰਤ ਦਾ ਦੌਰਾ ਕਰ ਰਹੇ ਹਨ। ਮਿ: ਗੋਰਬਾਚੋਵ ਦੇ ਨਾਲ ਇਕ ਉਚ ਪੱਧਰੀ ਸਰਕਾਰੀ ਮਿਸ਼ਨ ਵੀ ਆ ਰਿਹਾ ਹੈ। ਆਪਣੇ ਭਾਰਤ ਠਹਿਰਨ ਦੇ ਸਮੇਂ ਉਹ ਪ੍ਰਬੰਧ ਮੰਤਰੀ ਰਾਜੀਵ ਗਾਂਧੀ ਦੇ ਨਾਲ ਚਾਰ ਮੁਲਾਕਾਤਾਂ ਵੀ ਕਰਨਗੇ।

ਭਾਰਤ ਸਰਕਾਰ ਮਿ: ਗੋਰਬਾਚੋਵ ਨੂੰ ਸੰਸਾਰ ਅਮਨ ਅਤੇ ਹਥਿਆਰ ਮਨਾਹੀ ਦੇ ਖੇਤਰ ਵਿਚ ਉਘਾ ਰੋਲ ਕਰਨ ਲਈ **'ਇੰਦਰਾ ਗਾਂਧੀ ਅਮਨ ਐਵਾਰਡ'** ਦੇਵੇਗੀ।

ਭਾਰਤ-ਸੋਵੀਅਤ ਮਿਤਰਤਾ ਦੇ ਸੰਬੰਧ ਵਿਚ ਕਿਹਾ ਜਾਂਦਾ ਹੈ ਕਿ ਇਹ ਫੇਰੀ ਬੜੀ ਹੀ ਮਹੱਤਵਪੂਰਨ ਹੋਵੇਗੀ।

ਯਾਦ ਰਹੇ ਸੋਵੀਅਤ ਯੂਨੀਅਨ ਨੇ ਪਿਛਲੇ 30 ਸਾਲਾਂ ਵਿਚ ਭਾਰਤ ਨੂੰ ਇੰਡਸਟਰੀ, ਸੈਨਕ, ਹਵਾਵਾਜੀ ਅਤੇ ਦੁਆਈਆਂ ਦੇ ਖੇਤਰ ਵਿਚ ਵਰਨਣਯੋਗ ਸਹਾਇਤਾ ਦਿੱਤੀ ਹੈ। ਸੋਵੀਅਤ ਯੂਨੀਅਨ ਵਲੋਂ ਭਾਰਤ ਨੂੰ 132 ਤੋਂ ਵੱਧ ਵੱਡੇ ਕਾਰਖਾਨੇ ਲਾਉਣ ਵਿਚ ਸਹਾਇਤਾ ਦਿਤੀ ਹੈ ਜਿਸ ਵਿਚ ਭਿਲਾਈ ਦਾ ਖਾਦ ਦਾ ਕਾਰਖਾਨਾ, ਬੰਗਲੌਰ ਵਿਚ ਹਵਾਈ ਜਹਾਜ਼ਾਂ, ਰਿਖੀਕੇਸ਼ ਵਿਚ ਐਂਟੀ ਬਾਇਉਟਿਕ, ਰਾਂਚੀ ਵਿਚ ਸਾਇੰਸੀ ਸਾਜ਼ ਸਾਮਾਨ ਆਦਿ ਦੇ ਕਾਰਖਾਨੇ ਸ਼ਾਮਲ ਹਨ।



Civic N.D.P.

ਇਨ੍ਹਾਂ ਉਮੀਦਵਾਰਾਂ ਨੂੰ ਵੋਟ ਨਾਲ

19 ਨਵੰਬਰ ਨੂੰ ਵੋਟ ਪਾਉਣਾ ਨਾ ਭੁੱਲੋ



Civic New Democrat candidates (left to right) Gerry Brown, Sandra Bruneau, David Levi, Linda Ervin, Ian Reid, Jean McMurdo, Adrienne Peacock, Anne Beer, Janice Vichert, Michael McEvoy, Les Martlew, Charlotte Beresford, Daryl Nelson

- ਵਾਜਬ ਸੇਵਾਵਾਂ — ਵਾਜਬ ਟੈਕਸ
- ਵਾਰਡਾਂ ਦੇ ਆਧਾਰ ਉਤੇ ਵੋਟਾਂ
- ਸ਼ਹਿਰ ਵਿਚ ਕੰਮ ਕਰਨ ਵਾਲੇ ਪ੍ਰਵਾਰਾਂ ਲਈ ਚੰਗੇ ਘਰ
- ਸਵੀਟਾਂ ਨੂੰ ਕਾਨੂੰਨੀ ਕਰਾਰ ਦੇਣ ਲਈ

ਯਕੀਨੀ ਬਣਾਓ

IMPORTANT NOTICE

Not on the voter's list? You can still vote! Take this notice to the polls with you on Saturday, Nov. 19th.

Jean Swanson, the NDP and COPE are working together for a just and liveable city. For people we can count on, vote the full civic unity slate.

For Mayor vote:	
SWANSON, Jean	◄

For Alderman vote:		
BRUNEAU, Sandra	New Democrat **(NDP)**	◄
DAVIES, Libby	**COPE**	◄
ERIKSEN, Bruce	**COPE**	◄
ERVIN, Linda	New Democrat **(NDP)**	◄
LEVI, David	New Democrat **(NDP)**	◄
PEACOCK, Adrienne	New Democrat **(NDP)**	◄
RANKIN, Harry	**COPE**	◄
REID, Ian	New Democrat **(NDP)**	◄
WALKER, Carole	**COPE**	◄
YORKE, Bruce	**COPE**	◄
WARDS: VOTE	YES	◄

For a ride to the polls call 251-2963 or 874-1165.

IMPORTANT NOTICE

Not on the voter's list? You can still vote! Take this notice to the polls with you on Saturday, Nov. 19th.

For SCHOOL BOARD vote:		
ALLNUTT, Chris	**COPE**	◄
BEER, Anne	New Democrat **(NDP)**	◄
BROWN, Gerry	New Democrat **(NDP)**	◄
CHURCH, John	**COPE**	◄
KUEHN, Sadie	**COPE**	◄
MARTLEW, Les	New Democrat **(NDP)**	◄
McMURDO, Jean	New Democrat **(NDP)**	◄
ONSTAD, Gary	**COPE**	◄
WEINSTEIN, Pauline	**COPE**	◄

For PARK BOARD vote:		
BERESFORD, Charlotte	New Democrat **(NDP)**	◄
CHRUNIK, Mike	**COPE**	◄
LOUIS, Tim	**COPE**	◄
McEVOY, Michael	New Democrat **(NDP)**	◄
NELSON, Daryl	New Democrat **(NDP)**	◄
VICHERT, Janice	New Democrat **(NDP)**	◄
WILSON, Pat	**COPE**	◄

For a ride to the polls call 251-2963 or 874-1165.

Published by the Vancouver & District Labour Council

ਇਹ ਠੀਕ ਨਹੀਂ!

- ਐਨ. ਪੀ. ਏ. ਵੈਨਕੂਵਰ ਦੇ ਲੋਕਾਂ ਨਾਲ ਠੀਕ ਸਲੂਕ ਨਹੀਂ ਕਰ ਰਹੀ। ਉਹ ਆਪਣੇ ਆਪ ਨੂੰ 'ਨਿਰਪੱਖ' ਕਹਿੰਦੇ ਹਨ, ਪਰ ਅਸਲ ਵਿਚ ਉਹ ਸੋਕਰਡ ਹਨ ।

  ਉਨ੍ਹਾਂ ਨੇ ਪਬਲਿਕ ਸੇਵਾਵਾਂ ਘਟਾਈਆਂ ਪਰ ਆਪਣੀਆਂ ਤਨਖਾਹਾਂ ਵਿਚ 30% ਦਾ ਵਾਧਾ ਕੀਤਾ। ਉਹ ਵੈਨਕੂਵਰ ਦੇ ਡੀਵੈਲਪਰਾਂ ਨਾਲ ਮਿਲਕੇ ਵੈਨਕੂਵਰ ਦਾ ਭਵਿੱਖ ਖਤਰੇ ਵਿਚ ਪਾ ਰਹੇ ਹਨ ।
- ਐਨ. ਪੀ. ਏ. ਵੈਂਡਰਜ਼ਾਮ ਵਾਂਗ ਕੰਮ ਕਰਦੀ ਹੈ ਕਿਉਂਕਿ ਇਸ ਵਿਚ ਬਹੁਤੇ ਸੋਕਰਡ ਹਨ ।
- ਵਿਕਟੋਰੀਆ-ਸਟਾਈਲ ਸੋਕਰਡ ਜੋ ਐਨ. ਪੀ. ਏ. 'ਚੋਂ ਗਏ

1984 'ਚ ਗੌਰਡਨ ਕੈਂਬਲ ਨੇ ਬਿੱਲ ਵੈਂਡਰਜ਼ਾਮ ਨੂੰ ਵੈਨਕੂਵਰ ਦਾ ਮੇਅਰ ਬਨਾਉਣ ਲਈ ਨਾਮਜ਼ਦ ਕੀਤਾ

ਐਨ. ਡੀ. ਪੀ. ਪਾਰਟੀ ਕਿਸੇ ਨੂੰ ਇਹ ਨਹੀਂ ਕਹਿੰਦੀ ਕਿ ਉਹ ਕਿਸੇ ਰਾਜਸੀ ਪਾਰਟੀ ਵਿਚ ਸ਼ਾਮਲ ਨਾ ਹੋਣ। ਪਰ ਐਨ. ਪੀ. ਏ. ਇਸ਼ਤਿਹਾਰਬਾਜ਼ੀ ਉਤੇ ਹੀ ਤਿੰਨ ਲੱਖ ਡਾਲਰ ਖਰਚ ਕਰ ਰਹੀ ਹੈ।

ਇਹ ਈਮਾਨਦਾਰੀ ਨਹੀਂ !

19 ਨਵੰਬਰ ਨੂੰ ਈਮਾਨਦਾਰ ਵੈਨਕੂਵਰ ਕੌਂਸਲ **ਲਈ ਵੋਟ ਪਾਓ**

ਐਨ. ਡੀ. ਪੀ. ਉਤੇ ਤੁਸੀਂ ਭਰੋਸਾ ਕਰ ਸਕਦੇ ਹੋ !

ਸ਼ਰੈਂਕ ਵਲੋਂ 31% ਰੌਲਾ ਕੀ ਹੈ ?

ਸੰਪਾਦਕ 'ਕੈਨੇਡਾ ਦਰਪਣ'

ਸਰੀ ਦੀਆਂ ਚੋਣਾਂ ਵਿਚ ਖੜ੍ਹੀ ਮਿਸਿਜ਼ ਸ਼ਰੈਂਕ ਨੇ 10 ਨਵੰਬਰ ਨੂੰ ਰੇਡੀਓ ਉਤੇ ਸਰੀ ਕੌਂਸਲ ਉਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ ਆਪਣੀ ਤਨਖਾਹ ਵਿਚ 31% ਵਾਧਾ ਕਰ ਲਿਆ ਹੈ। 31% ਦਾ ਵਾਧਾ ਕਿਸ ਵਿਚ ?

ਜਿਥੋਂ ਤੱਕ ਮੈਨੂੰ ਪਤਾ ਹੈ ਐਲਡਰਮੈਨ ਦੀ ਤਨਖਾਹ ਇਕ ਘੰਟਾ ਕੰਮ ਦੀ 9 ਡਾਲਰ 20 ਸੈਂਟ ਹੈ। ਇਸ ਦਾ ਮਤਲਬ ਹੈ ਕਿ ਪਹਿਲਾਂ 7 ਡਾਲਰ ਘੰਟਾ ਸੀ।

ਐਲਡਰਮੈਨਾਂ ਨੂੰ ਕੌਂਸਲ ਤੇ ਕਮੇਟੀ ਮੀਟਿੰਗਾਂ ਤੋਂ ਪਹਿਲਾਂ ਘੱਟੋ ਘੱਟ ਇਕ ਘੰਟਾ ਤਿਆਰੀ ਲਈ ਪਹਿਲਾਂ ਲਾਉਣਾ ਪੈਂਦਾ ਹੈ। ਜੱਜ ਗੋਡ ਦੀ ਰੀਪੋਰਟ ਮੁਤਾਬਕ ਐਲਡਰਮੈਨ 40 ਘੰਟੇ ਹਫਤੇ ਦਾ ਕੰਮ ਕਰਦੇ ਹਨ — ਨਾ ਕਿ 40 ਘੰਟੇ ਮਹੀਨੇ ਦਾ ਜਿਵੇਂ ਸ੍ਰੀਮਤੀ ਸ਼ਰੈਂਕ ਰੌਲਾ ਪਾਉਂਦੀ ਹੈ।

ਪਿਛਲੇ ਕੁਝ ਸਮੇਂ ਤੋਂ ਐਲਡਰਮੈਨ ਇਸ ਤੋਂ ਵੀ ਵੱਧ ਸਮਾਂ ਕੰਮ ਉਤੇ ਲਾਉਂਦੇ ਹਨ ਕਿਉਂਕਿ ਕਈ ਵਾਰ ਮੀਟਿੰਗਾਂ ਅੱਧੀ ਅੱਧੀ ਰਾਤ ਤੱਕ ਚਲਦੀਆਂ ਰਹਿੰਦੀਆਂ ਹਨ।

ਸ੍ਰੀਮਤੀ ਸ਼ਰੈਂਕ ਵਲੋਂ ਇਹ ਕਹਿਣਾ ਕਿ 9 ਡਾਲਰ 20 ਸੈਂਟ ਪ੍ਰਤੀ ਘੰਟਾ ਬਹੁਤ ਜ਼ਿਆਦਾ ਹੈ, ਬੜੀ ਬੇਹੂਦਾ ਗੱਲ ਹੈ। ਗਰੌਸਰੀ ਸਟੋਰਾਂ ਉਤੇ ਕੰਮ ਕਰਨ ਵਾਲੀਆਂ ਕੈਸ਼ੀਅਰ ਵੀ 15 ਡਾਲਰ ਪ੍ਰਤੀ ਘੰਟਾ ਲੈਂਦੀਆਂ ਹਨ। ਪਲੰਬਰ, ਇਲੈਕਟ੍ਰੀਸ਼ਨ ਤੇ ਹੋਰ ਟਰੇਡਾਂ ਵਾਲੇ 20 ਤੋਂ 25 ਡਾਲਰ ਘੰਟਾ ਤਨਖਾਹ ਲੈਂਦੇ ਹਨ।

ਐਲਡਰਮੈਨ ਦਾ ਕੰਮ ਸਿਟੀ ਹਾਲ ਵਿਚ ਹੀ ਖਤਮ ਨਹੀਂ ਹੋ ਜਾਂਦਾ। ਉਸਨੂੰ ਕਾਨੂੰਨਾਂ ਦੀ ਰਾਖੀ ਕਰਨ ਲਈ ਤਿਆਰੀ ਕਰਨੀ ਪੈਂਦੀ ਹੈ ਅਤੇ ਸ਼ੁਕਰਵਾਰ ਨੂੰ ਹੀ ਆਪਣੇ ਕਾਗਜ਼ ਪੜ੍ਹਨੇ ਪੈਂਦੇ ਹਨ। ਹਰ ਕੇਸ ਲਈ ਤਿਆਰੀ ਕਰਨੀ ਪੈਂਦੀ ਹੈ।

ਜਿੰਨਾ ਵਕਤ ਐਲਡਰਮੈਨ ਲਾਉਂਦੇ ਹਨ, ਉਸ ਨਾਲ ਤਾਂ ਉਨ੍ਹਾਂ ਦੀ ਨੀਯਤ ਘੱਟੋ ਘੱਟ ਤਨਖਾਹ ਹੀ ਬਣਦੀ ਹੈ। ਜੇ ਕੁਝ ਬੰਦੇ ਇੰਨੀ ਤਨਖਾਹ ਵੀ ਵੱਧ ਸਮਝਦੇ ਹਨ ਤੇ ਘੰਟੇ ਦੇ ਸਾਢੇ ਤਿੰਨ ਡਾਲਰ ਕਰਨਾ ਚਾਹੁੰਦੇ ਹਨ ਤਾਂ ਹੋ ਸਕਦਾ ਹੈ ਕਿ ਇੰਨੀ ਹੀ ਉਨ੍ਹਾਂ ਦੀ ਕੀਮਤ ਹੋਵੇ।

ਸ਼ੁਭਚਿੰਤਕ,
ਐਮਨਸ ਰਿਚਰਡਸਨ

ਸਰੀ ਵਿਚ ਸਸਤੇ ਘਰਾਂ ਦਾ ਪ੍ਰਬੰਧ ਹੋਵੇ
ਪ੍ਰਵਾਰ ਲਈ ਬੇਸਮੈਂਟਾਂ ਦੀ ਪਰਵਾਨਗੀ ਮਿਲੇ



'ਕੈਨੇਡਾ ਦਰਪਣ' ਨਾਲ ਇਕ ਭੇਂਟ ਵਾਰਤਾ ਵਿਚ ਸਰੀ ਕੋਪ (ਸਰੀ ਕੋਲੀਸ਼ਨ ਆਫ ਪ੍ਰੋਗ੍ਰੈਸਿਵ ਇਲੈਕਟੋਰੇਟਸ) ਦੇ ਐਲਡਰਮੈਨ ਲਈ ਉਮੀਦਵਾਰ ਸ੍ਰੀ ਇਕਬਾਲ ਕਾਹਲੋਂ ਨੇ ਦੱਸਿਆ ਕਿ ਸਰੀ ਕੋਪ ਘੱਟ ਆਮਦਨ ਵਾਲੇ ਅਤੇ ਨਿਸਚਤ ਆਮਦਨ ਵਾਲੇ ਲੋਕਾਂ ਲਈ, ਸਰੀ ਮਿਉਂਸਪਲ ਕੌਂਸਲ ਤੋਂ ਮੰਗ ਕਰਦੀ ਹੈ ਕਿ ਉਹ ਸਸਤੇ ਘਰਾਂ ਦੀ ਯੋਜਨਾ ਬਣਾਵੇ। ਜਿੰਨ੍ਹਾਂ ਨੂੰ ਇਹ ਲੋਕ ਸੌਖਿਆਂ ਖਰੀਦ ਸਕਣ। ਸ੍ਰੀ ਕਾਹਲੋਂ ਨੇ ਇਹ ਵੀ ਕਿਹਾ ਕਿ ਜਿੰਨੀ ਦੇਰ ਇਹ ਘਰ ਮੁਹੱਈਆਂ ਨਹੀਂ ਕੀਤੇ ਜਾ ਸਕਦੇ, ਘੱਟ ਆਮਦਨ ਵਾਲੇ ਫਾਰਮਾਂ ਵਿਚ, ਸਫਾਈ ਦਾ, ਭਾਂਡੇ ਧੋਣ ਆਦਿ ਦਾ ਕੰਮ ਕਰਨ ਵਾਲੇ ਜਾਂ ਪੰਜ ਡਾਲਰ ਤਨਖਾਹ ਵਾਲੇ ਲੋਕਾਂ ਨੂੰ ਬੇਸਮੈਂਟਾਂ ਵਿਚ ਰਹਿਣ ਦੀ ਆਗਿਆ ਦੇਵੇ।

ਪ੍ਰਵਾਰ ਲਈ ਬੇਸਮੈਂਟ

ਇਕ ਸਵਾਲ ਦਾ ਜੁਆਬ ਦਿੰਦੇ ਹੋਏ ਇਕਬਾਲ ਕਾਹਲੋਂ ਨੇ ਕਿਹਾ ਕਿ ਵੈਨਕੂਵਰ ਵਿਚ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਸੰਘਰਸ਼ ਦੇ ਸਿੱਟੇ ਵਜੋਂ ਜੋ ਪਰਵਾਰਾਂ ਦੀ ਨਵੀਂ ਵਿਆਖਿਆ ਪਰਵਾਨ ਕਰ ਲਈ ਗਈ ਹੈ ਅਸੀਂ ਉਸ ਵਿਚ ਚਾਚੇ, ਤਾਏ, ਮਾਮੇ, ਮਾਸੜ ਆਦਿ ਦੇ ਪ੍ਰਵਾਰਾਂ ਨੂੰ ਵੀ ਇਕੱਠੇ ਪਰਵਾਰ ਵਜੋਂ ਆਗਿਆ ਦੀ ਮੰਗ ਕਰਦੇ ਹਾਂ। ਜੋ ਕਿ ਸਿਹਤ ਅਤੇ ਸੁਰੱਖਿਆ ਉਪਰ ਪੂਰੀਆਂ ਉਤਰਨ ਵਾਲੀਆਂ ਬੇਸਮੈਂਟਾਂ ਵਿਚ ਲੋੜ ਪੈਣ ਤੇ ਰਹਿ ਸਕਦੇ ਹੋਣ ਉਨ੍ਹਾਂ ਕਿਹਾ ਇਹ ਸਾਡੀ ਸਭਿਆਚਾਰਕ ਜ਼ਿੰਦਗੀ ਦਾ ਭਾਗ ਹੈ। ਇਸ ਦਾ ਅਰਥ ਇਹ ਨਹੀਂ ਕਿ ਜ਼ਰੂਰ ਹੀ ਇਕ ਘਰ ਵਿਚ ਵੱਡਾ ਪਰਵਾਰ ਰਹੇਗਾ ਇਸ ਤੋਂ ਸਾਡਾ ਭਾਵ ਲੋੜ ਪੈਣ ਉਪਰ ਜੇ ਇਸ ਤਰ੍ਹਾਂ ਪਰਵਾਰ ਰਹਿ ਰਿਹਾ ਹੈ ਤਾਂ ਮਿਉਂਸਪਲ ਕੌਂਸਲ ਉਸ ਨੂੰ ਕਾਨੂੰਨੀ ਤੌਰ ਉਪਰ ਦਰੁਸਤ ਸਮਝੇ।

ਬੇਸਮੈਂਟਾਂ ਲਈ ਲਾਈਸੈਂਸ

ਸ੍ਰੀ ਕਾਹਲੋਂ ਨੇ ਦੱਸਿਆ ਕਿ ਸਰੀ ਕੋਪ ਚਾਹੁੰਦੀ ਹੈ ਕਿ 'ਸਿੰਗਲ-ਜ਼ੋਨ' ਦੇ ਘਰਾਂ ਵਿਚ ਜੇਕਰ ਕੋਈ ਘੱਟ ਆਮਦਨ ਵਾਲਾ ਕਿਰਾਏ ਉਪਰ ਰਹਿੰਦਾ ਹੈ ਜਾਂ ਕੋਈ ਆਪਣੀ ਮੌਰਗੇਜ ਦੀ ਸਹਾਇਤਾ ਲਈ ਕਿਰਾਏ ਉਪਰ ਬੇਸਮੈਂਟ ਦੇ ਦਿੰਦਾ ਹੈ ਤਾਂ ਸਿਟੀ ਕੌਂਸਲ ਉਸ ਘਰ ਦੇ ਮਾਲਕ ਨੂੰ ਲਾਈਸੈਂਸ ਦੇਵੇ ਅਤੇ ਲਾਈਸੈਂਸ ਦੀ ਨਿਸਚਤ ਫੀਸ ਵਸੂਲ ਕਰੇ। ਉਨ੍ਹਾਂ ਕਿਹਾ ਕਿ ਇਸ ਅਸਲੀਅਤ ਤੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ ਕਿ ਘਰਾਂ ਦੀ ਸਮੱਸਿਆ ਹੈ। ਗਰੀਬ ਲੋਕ ਮਹਿੰਗੇ ਘਰ ਖਰੀਦ ਨਹੀਂ ਸਕਦੇ। ਉਨ੍ਹਾਂ ਨੂੰ ਕੰਮਾਂ ਲਈ ਸ਼ਹਿਰਾਂ ਵਿਚ ਰਹਿਣਾ ਹੀ ਪੈਣਾ ਹੈ। ਇਹ ਗੈਰਮਨੁੱਖੀ ਹੋਵੇਗਾ ਜੇ ਉਨ੍ਹਾਂ ਨੂੰ ਅਖੌਤੀ ਗੈਰ ਕਾਨੂੰਨੀ ਰਹਾਇਸ਼ ਦੇ ਨਾਂ ਉਤੇ ਬੇਸਮੈਂਟਾਂ ਵਿਚੋਂ ਬਾਹਰ ਕੱਢ ਸੁਟਿਆ ਜਾਵੇ। ਸ੍ਰੀ ਕਾਹਲੋਂ ਨੇ ਸੋਕਰਡ ਸਰਕਾਰ ਦੀ ਇਸ ਗੱਲ ਉਪਰ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਜਿਸ ਨੇ ਕਿਰਾਏ ਦੀ ਹੱਦ ਤੋੜ ਕੇ ਅਪਾਰਟਮੈਂਟ ਮਾਲਕਾਂ ਨੂੰ ਖੁਲ੍ਹ ਦੇ ਦਿੱਤੀ ਕਿ ਉਹ ਜਿੰਨਾ ਦਿਲ ਕਰੇ ਕਿਰਾਇਆ ਵਸੂਲਣ।

ਸ੍ਰੀ ਕਾਹਲੋਂ ਨੇ ਸਰੀ ਤੋਂ ਪੋਰਟ ਕੁਕਿਟਲਮ ਅਤੇ ਨੌਰਥ ਵੈਨਕੂਵਰ ਨੂੰ ਸਿਧਾ ਫੋਨ ਕਰਨ ਦੀ ਮੰਗ ਵੀ ਕੀਤੀ, ਜੋ ਕਿ ਹੁਣ ਬਿਨਾਂ ਕਾਰਨ ਲੌਂਗ-ਡਿਸਟੈਂਟ ਚਾਰਜ ਕੀਤੇ ਜਾਂਦੇ ਹਨ।

ਸ੍ਰੀ ਇਕਬਾਲ ਕਾਹਲੋਂ ਅਤੇ ਮਿ: ਸਟੀਵ ਗਿਡੋਰਾ ਮਿਊਂਸਪਲ ਚੋਣਾਂ ਵਿਚ ਸਰੀ ਕੋਪ ਦੇ ਉਮੀਦਵਾਰ ਹਨ।

ਕੈਨੇਡਾ ਦਰਪਣ ਦੇ ਇਕ ਹੋਰ ਸਵਾਲ ਦੇ ਜੁਆਬ ਵਿਚ ਉਨ੍ਹਾਂ ਐਸ ਐਮ ਈ ਦੀ ਨਿਖੇਧੀ ਕੀਤੀ ਕਿ ਉਸ ਨੇ ਸਰੀ ਕੌਂਸਲ ਵਲੋਂ ਸਰੀ ਤੋਂ ਦੂਜੇ ਥਾਵਾਂ ਵੈਨਕੂਵਰ ਆਦਿ ਅਤੇ ਸਰੀ ਦੇ ਵਿਚ ਜ਼ਿਆਦਾ ਬੱਸ ਸਰਵਿਸ ਵੱਲ ਧਿਆਨ ਨਹੀਂ ਦਿੱਤਾ। ਉਨ੍ਹਾਂ ਗਿਲਫੋਰਡ ਤੋਂ ਫਰੀਵੇਅ ਰਾਹੀਂ ਵੈਨਕੂਵਰ ਡਾਊਨ ਟਾਊਨ ਬਸ ਸਰਵਿਸ ਦੇ ਕੱਟ ਹੋਣ ਉਪਰ ਸਰੀ ਕੌਂਸਲ ਦੀ ਚੁੱਪ ਧਾਰਨ ਉਪਰ ਵੀ ਨਿਖੇਧੀ ਕੀਤੀ।

ਆਪਣੀ ਭੇਂਟ ਦੇ ਅੰਤ ਉਪਰ ਸ੍ਰੀ ਇਕਬਾਲ ਕਾਹਲੋਂ ਨੇ ਕਿਹਾ ਕਿ ਮੈਂ ਅਤੇ ਮੇਰਾ ਸਾਥੀ ਸਟੀਵ ਗਿਡੋਰਾ ਸਰੀ ਦੇ ਵੋਟਰਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਆਪਣਾ ਵੋਟ ਸਾਨੂੰ ਜ਼ਰੂਰ ਪਾਉਣ ਅਸੀਂ ਉਨ੍ਹਾਂ ਦੇ ਹਿੱਤਾਂ ਵਿਚ ਖੜਨ ਦੀ ਪਰਤਿੱਗਿਆ ਕਰਦੇ ਹਾਂ।

ਸਾਰਕ ਸੰਮੇਲਨ ਵਿਚ ਰਾਜੀਵ ਗਾਂਧੀ ਦੇ ਸ਼ਾਮਲ ਹੋਣ ਦੀ ਆਸ

ਨਵੀਂ ਦਿੱਲੀ — ਪਤਾ ਲੱਗਾ ਹੈ ਕਿ ਪਾਕਿਸਤਾਨ ਦਸੰਬਰ ਦੇ ਸਾਰਕ ਸੰਮੇਲਨ ਲਈ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੀ ਇਸਲਾਮਾਬਾਦ 'ਚ ਮੌਜੂਦਗੀ ਬਾਰੇ ਆਸਵੰਦ ਹੈ। ਪਾਕਿਸਤਾਨ ਸਰਕਾਰ ਨੇ ਅਗਸਤ ਵਿਚ ਨੇਪਾਲ ਵਿਖੇ ਸ੍ਰੀ ਗਾਂਧੀ ਦੀ ਇਸ ਸਾਰਕ ਸੰਮੇਲਨ 'ਚ ਸ਼ਮੂਲੀਅਤ ਬਾਰੇ ਸਹਿਮਤੀ ਲੈ ਲਈ ਸੀ।

ਦਰਅਸਲ, ਇਸਲਾਮਾਬਾਦ ਨੂੰ ਸੰਮੇਲਨ ਦੀ ਥਾਂ ਮਿਥਣ ਤੋਂ ਪਹਿਲਾਂ ਸ੍ਰੀ ਗਾਂਧੀ ਨੂੰ ਪੁੱਛਿਆ ਗਿਆ ਸੀ ਕਿ ਉਨ੍ਹਾਂ ਨੂੰ ਇਸ ਸਬੰਧ 'ਚ ਕੋਈ ਇਤਰਾਜ਼ ਤਾਂ ਨਹੀਂ। ਜਵਾਬ ਵਿਚ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਸੀ ਕਿ ਕ੍ਰਿਸਮਸ ਦਿਵਸ ਤੋਂ ਬਿਨਾਂ ਦਸੰਬਰ ਦੀ ਕੋਈ ਵੀ ਤਾਰੀਖ ਉਨ੍ਹਾਂ ਲਈ ਠੀਕ ਹੈ।

ਸਾਰਕ ਸੰਮੇਲਨ ਕੋਲੰਬੋ 'ਚ ਕੀਤਾ ਜਾਣਾ ਵੀ ਮਿਥਿਆ ਸੀ ਪਰ ਸ੍ਰੀਲੰਕਾ ਦੀ ਸਥਿਤੀ ਠੀਕ ਨਾ ਹੋਣ ਕਾਰਨ ਇਹ ਪ੍ਰੋਗਰਾਮ ਬਦਲ ਲਿਆ ਗਿਆ।

ਸ੍ਰੀ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣਨ ਉਪਰੰਤ ਸਿਰਫ ਇਕ ਵਾਰ ਹੀ ਪਾਕਿਸਤਾਨ ਗਏ ਹਨ। ਖਾਨ ਅਬਦੁਲਾ ਗਫਾਰ ਖਾਨ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਉਹ ਕੁਝ ਘੰਟਿਆਂ ਵਾਸਤੇ ਪੇਸ਼ਾਵਰ ਪੁਜੇ ਸਨ। ਉਸ ਸਮੇਂ ਰਾਸ਼ਟਰਪਤੀ ਜਨਰਲ ਜ਼ਿਆ ਨੇ ਚਾਹਿਆ ਸੀ ਕਿ ਸ੍ਰੀ ਗਾਂਧੀ ਇਸਲਾਮਾਬਾਦ ਰੁਕਣ ਪਰ ਸ੍ਰੀ ਗਾਂਧੀ ਮੰਨੇ ਨਹੀਂ ਸਨ। ਉਂਜ ਜਦੋਂ ਸ੍ਰੀ ਰਾਜੀਵ ਗਾਂਧੀ ਇਸਲਾਮਾਬਾਦ ਪੁੱਜਣਗੇ ਉਦੋਂ ਤੱਕ ਉਥੇ ਚੋਣਾਂ ਹੋ ਚੁਕੀਆਂ ਹੋਣਗੀਆਂ ਤੇ ਨਵੀਂ ਸਰਕਾਰ ਸਾਹਮਣੇ ਆ ਜਾਵੇਗੀ।

ਬਰਨਬੀ ਦੇ ਮੇਅਰ ਕੋਪਲੈਂਡ ਵਲੋਂ ਐਨ. ਡੀ. ਪੀ. ਉਮੀਦਵਾਰਾਂ ਦੀ ਚੋਣ ਲਈ ਅਪੀਲ



ਬਰਨਬੀ — ਬਰਨਬੀ ਦੇ ਮੇਅਰ ਬਿਲ ਕੋਪਲੈਂਡ ਨੇ ਬਰਨਬੀ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਬਰਨਬੀ ਵਿਚ ਸਵੈਂਡ ਰੌਬਿਨਸਨ ਅਤੇ ਡਾਨ ਬਲੈਕ ਨੂੰ ਫੈਡਰਲ ਚੋਣਾਂ ਵਿਚ ਵੋਟਾਂ ਪਾਕੇ ਕਾਮਯਾਬ ਕਰਨ। ਮਿ. ਕੋਪਲੈਂਡ ਨੇ ਕਿਹਾ ਕਿ ਵੈਨਕੂਵਰ ਦੇ ਇਲਾਕੇ ਵਿਚ ਐਨ. ਡੀ. ਪੀ. ਦੇ ਉਮੀਦਵਾਰਾਂ ਨੇ ਐਥਨਿਕ ਕਮਿਊਨਿਟੀਆਂ ਲਈ ਹਮੇਸ਼ਾਂ ਹੀ ਸਖਤ ਮਿਹਨਤ ਕੀਤੀ ਹੈ।

ਮਿ. ਕੋਪਲੈਂਡ ਨੇ ਡੈਲਟਾ ਵਿਚ ਸਿਲਵੀਆ ਬਿਸ਼ਪ ਲਈ ਇੰਡੋ-ਕੈਨੇਡੀਅਨ ਕਮਿਊਨਿਟੀ ਡਿਨਰ ਵਿਚ ਹਿਸਾ ਲਿਆ ਤੇ ਕਿਹਾ ਕਿ ਡੈਲਟਾ ਦੀ ਪ੍ਰਤੀਨਿਧਤਾ ਕਰਨ ਵਿਚ ਸਿਲਵੀਆ ਬਿਸ਼ਪ ਕਿਸੇ ਨਾਲੋਂ ਪਿਛੇ ਨਹੀਂ ਰਹੇਗੀ।

ਕੀ ਤੁਹਾਨੂੰ ਪਤਾ ਹੈ ?

- ਦੁਨੀਆਂ ਦੀ ਸਭ ਤੋਂ ਮੋਟੀ ਪੁਸਤਕ 'ਚੀਨੀ ਸ਼ਬਦ-ਕੋਸ਼' ਹੈ।
- ਭਾਰਤ ਵਿਚ ਕੁੱਲ 7200 ਰੇਲਵੇ ਸਟੇਸ਼ਨ ਹਨ।
- ਦੁਨੀਆਂ ਵਿਚ 'ਕਿਊਬਾ' ਸਭ ਤੋਂ ਵੱਧ ਚੀਨੀ ਪੈਦਾ ਕਰਦਾ ਹੈ।
- ਦੁਨੀਆਂ ਦੀ ਸਭ ਤੋਂ ਵੱਡੀ ਸਾਫ ਪਾਣੀ ਦੀ ਝੀਲ 'ਲੇਕ ਸੁਪੀਰੀਅਰ' (ਯੂ. ਐਸ. ਏ.) ਹੈ। ਇਸ ਦਾ ਖੇਤਰਫਲ 31,200 ਵਰਗ ਮੀਲ ਹੈ।

The Canada Darpan

P.O.BOX 265
Surrey, B.C. V3T 4W8

'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ । ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।

Ph. 581-4473

ਇਹ ਮੌਕਾ ਹੱਥੋਂ ਨਾ ਗੁਆਓ

19 ਅਤੇ 21 ਨਵੰਬਰ ਦੋ ਅਹਿਮ ਦਿਨ ਹਨ ਜਦੋਂ ਮਿਉਂਸਪਲ ਪੱਧਰ ਅਤੇ ਕੌਮੀ ਪੱਧਰ ਉਤੇ ਵੋਟਾਂ ਪੈ ਰਹੀਆਂ ਹਨ । 19 ਨਵੰਬਰ ਸ਼ਨਿਚਰਵਾਰ ਨੂੰ ਬੀ ਸੀ ਵਿਚ ਮਿਉਂਸਪਲ ਚੋਣਾਂ ਸਮੇਂ ਇਹ ਦੇਖਣਾ ਜ਼ਰੂਰੀ ਬਣਦਾ ਹੈ ਕਿ ਜਿਸ ਵੀ ਨੁਮਾਇੰਦੇ ਨੂੰ ਤੁਸੀਂ ਚੁਣਨਾ ਚਾਹੁੰਦੇ ਹੋਵੇ ਉਹ ਕਮਿਊਨਿਟੀ ਦੇ ਭਲੇ ਲਈ ਕਿੰਨਾ ਕੁ ਯੋਗ ਸਾਬਤ ਹੋ ਸਕਦਾ ਹੈ ? ਆਮ ਤੌਰ ਉਤੇ ਮਿਉਂਸਪਲ ਪੱਧਰ ਦੀ ਚੋਣ ਸਮੇਂ ਪਾਰਟੀਆਂ ਨੂੰ ਤਰਜੀਹ ਨਾ ਦੇ ਕੇ ਵਿਅਕਤੀਗਤ ਪੱਧਰ ਉਤੇ ਫੈਸਲੇ ਕੀਤੇ ਜਾਂਦੇ ਹਨ । ਬੀ ਸੀ ਵਿਚ ਮਿਉਂਸਪਲ ਪੱਧਰ ਉਤੇ ਪਹਿਲਾਂ ਸੋਕਰਡ ਪਾਰਟੀ - ਪਾਰਟੀ ਦੇ ਤੌਰ ਉਤੇ ਚੋਣਾਂ ਲੜਦੀ ਰਹੀ ਹੈ ਪਰ ਪਿਛਲੇ ਸਾਲ ਤੋਂ ਐਨ ਡੀ ਪੀ ਨੇ ਇਹ ਰਾਹ ਫੜਿਆ ਹੈ । ਅਸੀਂ ਸਮਝਦੇ ਹਾਂ ਕਿ ਮਿਉਂਸਪਲ ਪੱਧਰ ਉਤੇ ਪਾਰਟੀ ਸਿਆਸਤ ਨੂੰ ਠੋਸਣਾ ਬਹੁਤਾ ਲਾਹੇਵੰਦ ਨਹੀਂ ਹੋ ਸਕਦਾ ਕਿਉਂਕਿ ਇਸ ਪੱਧਰ ਉਤੇ ਮਸਲੇ ਸਥਾਨਕ ਹੁੰਦੇ ਹਨ । ਇਸ ਲਈ ਆਮ ਤੌਰ ਉਤੇ ਉਹ ਹੀ ਸਲੇਟਾਂ ਜਿੱਤਦੀਆਂ ਹਨ ਜਿਨ੍ਹਾਂ ਵਿਚ ਸਾਂਝੇ ਉਮੀਦਵਾਰ ਹੁੰਦੇ ਹਨ । ਜਿਸ ਤਰ੍ਹਾਂ ਸਰੀ ਵਿਚ ਸੋਕਰਡਾਂ ਦੀ ਸਲੇਟ ਬੌਨੀ ਸ਼ਰੈਂਕ ਦੀ ਹੈ ਅਤੇ ਐਨ ਡੀ ਪੀ ਦੀ ਸਲੇਟ ਵਿਚ ਮੇਅਰ ਬੋਸ ਦਾ ਧੜਾ ਹੈ । ਬੌਨੀ ਸ਼ਰੈਂਕ ਵਾਲਾ ਧੜਾ ਮਿਉਂਸਪਲ ਪੱਧਰ ਉਤੇ ਮੁਕੰਮਲ ਤੌਰ ਉਤੇ ਖਤਮ ਹੋ ਚੁਕਾ ਹੈ ਅਤੇ ਮੇਅਰ ਬੋਸ ਵਾਲਾ ਧੜਾ ਮੁਕੰਮਲ ਤੌਰ ਉਤੇ ਖਤਮ ਹੋਣ ਵਲ ਵਧ ਰਿਹਾ ਹੈ । ਸਰੀ ਮਿਉਂਸਪਲ ਈਲੈਕਟਰਜ਼ ਵਿਚ ਸਾਰੀਆਂ ਪਾਰਟੀਆਂ ਦੇ ਸਾਂਝੇ ਉਮੀਦਵਾਰ ਹਨ ਅਤੇ ਇਹ ਹੀ ਪਿਛਲੇ ਤੇਰਾਂ ਸਾਲ ਤੋਂ ਅਹਿਮ ਗਰੁੱਪ ਹੈ ਜਿਸਦੇ ਤਿੰਨ ਐਲਡਰਮੈਨ ਇਸ ਵਾਰ ਚੋਣਾਂ ਲੜ ਰਹੇ ਹਨ

21 ਨਵੰਬਰ ਨੂੰ ਹੋ ਰਹੀਆਂ ਫੈਡਰਲ ਚੋਣਾਂ ਵਿਚ ਅਸਲ ਲੜਾਈ ਲਿਬਰਲ ਪਾਰਟੀ ਅਤੇ ਟੋਰੀਆਂ ਵਿਚਕਾਰ ਹੈ । ਟੋਰੀਆਂ ਦਾ ਇਤਿਹਾਸ ਦੱਸਦਾ ਹੈ ਕਿ ਇਹ ਪਾਰਟੀ ਕਦੀ ਵੀ ਦੋ ਵਾਰੀ ਸਰਕਾਰ ਨਹੀਂ ਬਣਾ ਸਕੀ । ਇਹੋ ਜਿਹਾ ਹਾਲ ਹੀ ਇਸ ਵਾਰ ਦਿਸਦਾ ਹੈ । ਟੋਰੀਆਂ ਦਾ 'ਫਰੀ ਟਰੇਡ' ਦਾ ਮਸਲਾ ਟੋਰੀਆਂ ਨੂੰ ਲੈ ਡੁੱਬਿਆ ਹੈ । ਕੈਨੇਡਾ ਵਿਚ ਅਮਰੀਕਾ ਵਿਰੋਧੀ ਭਾਵਨਾ ਬਹੁਤ ਤੇਜ਼ ਹੈ । ਐਨ ਡੀ ਪੀ ਆਪੋਜ਼ੀਸ਼ਨ ਦੇ ਤੌਰ ਉਤੇ ਅੱਗੇ ਨਾਲੋਂ ਮਜ਼ਬੂਤ ਹੋਈ ਹੈ ਪਰ ਸਰਕਾਰ ਬਨਾਉਣ ਦੀ ਸਮਰੱਥਾ ਇਸ ਵਿਚ ਅਜੇ ਨਜ਼ਰ ਨਹੀਂ ਆ ਰਹੀ । ਜਿਸ ਤਰ੍ਹਾਂ ਦੇ ਪੋਲ ਦੱਸੇ ਜਾ ਰਹੇ ਹਨ ਉਨ੍ਹਾਂ ਅਨੁਸਾਰ 'ਘੱਟ-ਗਿਣਤੀ ਸਰਕਾਰ' ਦੇ ਆਸਾਰ ਨਜ਼ਰ ਆ ਰਹੇ ਹਨ । ਐਨ ਡੀ ਪੀ ਵਾਲੇ ਲਿਬਰਲ ਪਾਰਟੀ ਨਾਲ ਸਰਕਾਰ ਤਾਂ ਬਣਾ ਸਕਦੇ ਹਨ ਪਰ ਟੋਰੀਆਂ ਨਾਲ ਇਨ੍ਹਾਂ ਦੀ ਦਾਲ ਗਲਣੀ ਔਖੀ ਹੈ ।

ਲਿਬਰਲ ਪਾਰਟੀ ਬੀ ਸੀ ਵਿਚ ਬਹੁਤੀ ਮਜ਼ਬੂਤ ਨਹੀਂ ਪਰ ਫਿਰ ਵੀ ਇਸ ਕੋਲ ਦੋ ਉਮੀਦਵਾਰ — ਜੌਹਨ ਟਰਨਰ ਅਤੇ ਸਰੀ ਦੇ ਸਾਬਕਾ ਮੇਅਰ ਡੌਨ ਰੌਸ ਜਿੱਤਣ ਵਾਲੇ ਉਮੀਦਵਾਰ ਹਨ । ਐਨ. ਡੀ. ਪੀ. ਬੀ ਸੀ ਵਿਚ 15 ਸੀਟਾਂ ਜਿੱਤਣ ਦੀ ਆਸ ਰੱਖਦੀ ਹੈ ਜਿਨ੍ਹਾਂ ਵਿਚ ਸਾਬਕਾ ਪ੍ਰੀਮੀਅਰ ਡੇਵ ਬੈਰਿਟ, ਮਾਰਗਰੇਟ ਮਿਚਲ, ਸਵੈਂਡ ਰੌਬਿਨਸਨ, ਈਆਨ ਵਾਡਲ, ਆਦਿ ਜ਼ਰੂਰ ਜਿੱਤਣ ਵਾਲੇ ਉਮੀਦਵਾਰ ਹਨ । ਟੋਰੀਆਂ ਵਿਚ ਬਾਬ ਵੈਨਮਨ ਆਦਿ ਭਾਰਤੀ ਕਮਿਊਨਿਟੀ ਦੇ ਕਾਫੀ ਨੇੜੇ ਹਨ । ਟੋਰੀ ਦਸ ਬਾਰਾਂ ਸੀਟਾਂ ਦੇ ਨੇੜ ਜਿੱਤਣ ਦੀ ਆਸ ਕਰਦੇ ਹਨ ।

ਇੰਡੋ-ਕੈਨੇਡੀਅਨ ਕਮਿਊਨਿਟੀ ਆਮ ਤੌਰ ਉਤੇ ਸੂਬਾ ਪੱਧਰ ਉਤੇ ਐਨ ਡੀ ਪੀ ਨੂੰ ਵੋਟਾਂ ਪਾਉਂਦੀ ਹੈ ਪਰ ਫੈਡਰਲ ਪੱਧਰ ਉਤੇ ਵੋਟਾਂ ਹਮੇਸ਼ਾਂ ਲਿਬਰਲ ਪਾਰਟੀ ਨੂੰ ਹੀ ਪੈਂਦੀਆਂ ਰਹੀਆਂ ਹਨ । ਇਸ ਵਾਰ ਕਮਿਊਨਿਟੀ ਦਾ ਉਮੀਦਵਾਰ ਚਰਨਪਾਲ ਗਿੱਲ ਸਰੀ-ਵਾਈਟ ਰੌਕ-ਲੈਂਗਲੀ ਤੋਂ ਖੜ੍ਹਾ ਹੈ — ਉਸ ਇਲਾਕੇ ਦੇ ਲੋਕਾਂ ਨੂੰ ਡਟ ਕੇ ਚਰਨਪਾਲ ਗਿੱਲ ਦੀ ਮੱਦਦ ਕਰਨੀ ਚਾਹੀਦੀ ਹੈ ।

ਅਕਾਲੀ ਪਾਰਟੀ ਦੀ ਸਾਖ ਨੂੰ ਖੋਰਾ ਰਾਜਪਾਲ ਨੇ ਲਾਇਆ


ਚੰਡੀਗੜ੍ਹ — ਪੰਜਾਬ ਦੇ ਰਾਜਪਾਲ ਸ੍ਰੀ ਸਿਧਾਰਥ ਸ਼ੰਕਰ ਰੇਅ ਵਲੋਂ ਸੰਯੁਕਤ ਅਕਾਲੀ ਦਲ ਦੇ ਆਗੂਆਂ ਵਿਰੁਧ ਪਿਛਲੇ ਕੁਝ ਅਰਸੇ ਤੋਂ ਸ਼ੁਰੂ ਕੀਤੀ ਸਿਆਸੀ ਮੁਹਿੰਮ ਦਾ ਅਕਾਲੀ ਹਲਕਿਆਂ ਵਿਚ ਤਿੱਖਾ ਪ੍ਰਤੀਕਰਮ ਹੋਇਆ ਹੈ । ਇਥੇ ਵਰਨਣਯੋਗ ਹੈ ਕਿ ਪਿਛਲੇ ਦੌਰੇ ਸਮੇਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਖਚਾਖਚ ਭਰੀ ਪ੍ਰੈਸ ਕਾਨਫਰੰਸ ਵਿਚ ਇਹ ਕਿਹਾ ਸੀ ਕਿ ਰਾਸ਼ਟਰਪਤੀ ਰਾਜ ਦੌਰਾਨ ਹਿੰਸਕ ਵਾਰਦਾਤਾਂ ਘੱਟ ਗਈਆਂ ਸਨ ਪ੍ਰੰਤੂ ਕੁਝ ਆਗੂਆਂ ਨੂੰ ਰਿਹਾਅ ਕਰਨ ਮਗਰੋਂ ਅਤਿਵਾਦੀ ਸਰਗਰਮੀਆਂ ਵਿਚ ਵਾਧਾ ਹੋ ਗਿਆ ਕਿਉਂ ਜੋ ਉਨ੍ਹਾਂ ਆਗੂਆਂ ਨੇ ਭੜਕਾਊ ਭਾਸ਼ਨ ਦਿੱਤੇ ਸਨ । ਉਸ ਪਿਛੋਂ ਰਾਜਪਾਲ ਸ੍ਰੀ ਰੇਅ ਨੇ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਉਹ ਪਿਛਲੀ ਗਲਤੀ ਮੁੜ ਨਹੀਂ ਦੁਹਰਾਉਣਗੇ ।

ਉਨ੍ਹਾਂ ਦਾ ਇਸ਼ਾਰਾ ਸਪਸ਼ਟ ਤੌਰ 'ਤੇ ਅਕਾਲੀ ਆਗੂਆਂ ਨੂੰ ਰਿਹਾਅ ਨਾ ਕਰਨ ਵੱਲ ਸੀ । ਉਸ ਪਿਛੋਂ ਰਾਜਪਾਲ ਅਤੇ ਉਸ ਦੇ ਨੇੜਲੇ ਹਲਕਿਆਂ ਵਲੋਂ ਪ੍ਰੈਸ ਰਾਹੀਂ ਇਹ ਪ੍ਰਭਾਵ ਲਗਾਤਾਰ ਦਿੱਤਾ ਜਾ ਰਿਹਾ ਹੈ ਕਿ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਜੇਲ੍ਹਾਂ ਵਿਚ ਨਜ਼ਰਬੰਦ ਸਾਥੀ ਇਹ ਲਿਖ ਕੇ ਦੇਣ ਕਿ ਉਹ ਭਾਰਤ ਦੇ ਸੰਵਿਧਾਨ ਪ੍ਰਤੀ ਸੁਹਿਰਦ ਹਨ ਅਤੇ "ਖਾਲਿਸਤਾਨ" ਨਾਲ ਉਨ੍ਹਾਂ ਦਾ ਕੋਈ ਵਾਹ ਵਾਸਤਾ ਨਹੀਂ ਹੈ । ਇਸ ਪਿਛੋਂ ਹੀ ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇਗਾ ।

ਅਕਾਲੀ ਦਲ ਦੇ ਨੇੜਲੇ ਹਲਕਿਆਂ ਅਨੁਸਾਰ ਸਾਬਕਾ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਅਤੇ ਹੋਰ ਨਜ਼ਰਬੰਦ ਨੇਤਾਵਾਂ ਵਲੋਂ ਸਰਕਾਰ ਨੂੰ ਅਜਿਹੇ ਲਿਖਤੀ ਭਰੋਸੇ ਦੇਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ । ਸ਼ਾਇਦ ਇਹ ਸਰਕਾਰ ਨੂੰ ਵੀ ਪਤਾ ਹੋਵੇਗਾ ਪ੍ਰੰਤੂ ਸਰਕਾਰ ਉਨ੍ਹਾਂ ਵਿਰੁਧ ਅਜਿਹਾ ਪ੍ਰਚਾਰ ਕਰ ਕੇ ਅਕਾਲੀ ਆਗੂਆਂ ਨੂੰ ਅਲੱਗ-ਥਲੱਗ ਕਰਨ ਦੀ ਰੌਂਅ ਵਿਚ ਜਾਪਦੀ ਹੈ । ਅਕਾਲੀ ਹਲਕਿਆਂ ਦਾ ਕਹਿਣਾ ਹੈ ਕਿ ਰਾਜਪਾਲ ਸ੍ਰੀ ਰੇਅ ਨੇ ਪਹਿਲਾਂ ਬੜੇ ਯਤਨ ਕੀਤੇ ਕਿ ਸ੍ਰੀ ਬਾਦਲ ਨੂੰ ਨੇੜੇ ਲਿਆਂਦਾ ਜਾਵੇ । ਉਨ੍ਹਾਂ ਨੇ ਇਕ ਵਾਰ ਸ੍ਰੀ ਬਾਦਲ ਨੂੰ ਖਾਣੇ ਦੀ ਦਾਅਵਤ ਉਪਰ ਵੀ ਸੱਦਾ ਦਿੱਤਾ ਪ੍ਰੰਤੂ ਬਾਦਲ ਆਪਣੇ ਸਟੈਂਡ ਉਤੇ ਕਾਇਮ ਰਹੇ ਅਤੇ ਉਨ੍ਹਾਂ ਨੇ ਮਾਹੌਲ ਸੁਧਾਰਨ ਲਈ ਪੰਜ-ਨੁਕਾਤੀ ਫਾਰਮੂਲਾ ਪੇਸ਼ ਕਰ ਦਿੱਤਾ । ਉਸ ਪਿਛੋਂ ਸਰਕਾਰ ਨੇ ਉਨ੍ਹਾਂ ਨੂੰ ਦਬਾਉਣ ਵਾਲਾ ਰੁਖ ਅਪਣਾ ਲਿਆ । ਇਨ੍ਹਾਂ ਹਲਕਿਆਂ ਦਾ ਇਹ ਵੀ ਕਹਿਣਾ ਹੈ ਕਿ ਅਕਾਲੀ ਨੇਤਾਵਾਂ ਨੂੰ ਕੋਇੰਮਬਟੋਰ ਵਰਗੀਆਂ ਜੇਲ੍ਹਾਂ ਵਿਚ ਸੁਟਣਾ ਜਲਾਵਤਨੀ ਤੋਂ ਘੱਟ ਨਹੀਂ ਹੈ । ਸ੍ਰੀ ਗੁਰਦੇਵ ਸਿੰਘ ਬਾਦਲ ਜੇਲ੍ਹ ਅੰਦਰ ਬੁਢਾਪੇ ਵਿਚ ਕਈ ਬੀਮਾਰੀਆਂ ਨਾਲ ਘੁਲ ਰਹੇ ਹਨ ਪ੍ਰੰਤੂ ਸਰਕਾਰ ਉਨ੍ਹਾਂ ਦੀ ਦਸ਼ਾ ਪ੍ਰਤੀ ਰਤਾ ਵੀ ਫਿਕਰਮੰਦ ਨਹੀਂ ।

ਸਖਤ ਨੋਟਿਸ : ਇਸੇ ਸਮੇਂ ਲਗਪਗ ਦਰਜਨ ਅਕਾਲੀ ਆਗੂਆਂ ਨੇ ਸ੍ਰੀ ਰੇਅ ਵਲੋਂ ਸ਼ੁਰੂ ਕੀਤੇ ਪ੍ਰਾਪੇਗੰਡੇ ਦਾ ਸਖਤ ਨੋਟਿਸ ਲਿਆ ਹੈ । ਅਕਾਲੀ ਦਲ (ਤਲਵੰਡੀ) ਦੇ ਸੀਨੀਅਰ ਨੇਤਾ ਗਿਆਨੀ ਬਚਿੱਤਰ ਸਿੰਘ, ਤਾਲਿਬ ਸਿੰਘ ਸੰਧੂ, ਬਸੰਤ ਸਿੰਘ ਖਾਲਸਾ, ਬਲਵਿੰਦਰ ਸਿੰਘ ਭੂੰਦੜ, ਮਹਿੰਦਰ ਸਿੰਘ ਬਰਾੜ, ਸੁਜਾਨ ਸਿੰਘ, ਗਿਆਨੀ ਅਰਜਨ ਸਿੰਘ ਲਿਟ, ਰਾਜਾ ਨਰਿੰਦਰ ਸਿੰਘ, ਜਸਮੇਰ ਸਿੰਘ ਅਤੇ ਚਰਨਜੀਤ ਸਿੰਘ ਵਾਲੀਆ ਐਮ ਪੀ ਨੇ ਇਥੇ ਜਾਰੀ ਇਕ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਰਾਜਪਾਲ ਸ੍ਰੀ ਰੇਅ ਆਪਣੀ ਅਸਫਲਤਾ ਨੂੰ ਛੁਪਾਉਣ ਅਤੇ ਕਤਲਾਂ ਅਤੇ ਕੁਰਪਸ਼ਨ ਉਤੇ ਪਰਦਾ ਪਾਉਣ ਲਈ ਰਾਜ ਦੇ ਲੋਕਪ੍ਰਿਯ ਨੇਤਾਵਾਂ ਨੂੰ ਬਦਨਾਮ ਕਰ ਰਹੇ ਹਨ । ਰਾਜ ਵਿਚ ਭ੍ਰਿਸ਼ਟਾਚਾਰ ਸਭ ਹੱਦਾਂ ਬੰਨੇ ਟੱਪ ਗਿਆ ਹੈ ਅਤੇ ਲੋਕਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ । ਅਕਾਲੀ ਨੇਤਾਵਾਂ ਨੇ ਕਿਹਾ ਕਿ ਕਤਲਾਂ ਦਾ ਸਬੰਧ ਗਿਣਤੀ-ਮਿਣਤੀ ਨਾਲ ਹੈ । ਇਕ ਵੀ ਮਹੱਤਵਪੂਰਨ ਵਿਅਕਤੀ ਕਤਲ ਹੁੰਦਾ ਹੈ ਤਾਂ ਉਸ ਨਾਲ ਅਸੁਰੱਖਿਆ ਦੀ ਭਾਵਨਾ ਵਧਦੀ ਹੈ । ਉਨ੍ਹਾਂ ਕਿਹਾ ਕਿ "ਪ੍ਰਮਾਤਮਾ ਦਿੱਲੀ ਵਾਲਿਆਂ ਅਤੇ ਰਾਜ ਸਰਕਾਰ ਨੂੰ ਸੁਮੱਤ ਬਖਸ਼ੇ ਤਾਂ ਜੋ ਉਹ ਪੰਜਾਬ ਮਸਲੇ ਦੇ ਰਾਜਸੀ ਹੱਲ ਵੱਲ ਧਿਆਨ ਦੇ ਸਕਣ ।'

ਅਕਾਲੀ ਨੇਤਾਵਾਂ ਨੇ ਰਾਜਪਾਲ ਵਲੋਂ ਪੰਜਾਬ ਦੀ ਭਲਾਈ ਬਾਰੇ ਦਿੱਤੇ ਬਿਆਨ ਉਤੇ ਟਿੱਪਣੀ ਕਰਦੇ ਹੋਏ ਕਿਹਾ ਕਿ 'ਬਗਲ ਵਿਚ ਛੁਰੀ ਅਤੇ ਮੂੰਹ ਵਿਚ ਰਾਮ ਰਾਮ' ਦੀ ਨੀਤੀ ਨਾਲ ਮਸਲੇ ਦਾ ਹੱਲ ਨਹੀਂ ਹੋ ਸਕਦਾ । ਬਾਦਲ ਅਤੇ ਹੋਰ ਅਕਾਲੀ ਨੇਤਾਵਾਂ ਨੂੰ ਬਦਨਾਮ ਕਰਨ ਦੀ ਮੁਹਿੰਮ ਤਾਂ ਚਲਾਈ ਗਈ ਹੈ ਪ੍ਰੰਤੂ



ਉਨ੍ਹਾਂ ਨੇ ਜੋ ਪੰਜ ਨੁਕਤੇ ਰੱਖੇ ਸਨ ਉਨ੍ਹਾਂ ਨੂੰ ਕੋਈ ਵੀ ਝੁਠਲਾ ਨਹੀਂ ਸਕਿਆ ।

ਅਕਾਲੀ ਨੇਤਾਵਾਂ ਨੇ ਪੁਛਿਆ ਕਿ ਪੰਜਾਬੀਆਂ ਦੀਆਂ ਮੰਗਾਂ ਉਠਾਉਣੀਆਂ ਅਤੇ ਬੇਦੋਸ਼ਿਆਂ ਉਤੇ ਜ਼ੁਲਮ ਵਿਰੁਧ ਆਵਾਜ਼ ਉਠਾਉਣੀ ਕੀ ਅਤਿਵਾਦ ਹੈ ? ਉਨ੍ਹਾਂ ਨੇ ਰਾਜ ਸਰਕਾਰ ਵਲੋਂ ਬਾਦਲ ਅਤੇ ਹੋਰ ਨੇਤਾਵਾਂ ਤੋਂ ਸੰਵਿਧਾਨ ਵਿਚ ਵਿਸ਼ਵਾਸ ਰੱਖਣ ਬਾਰੇ ਲਿਖਤੀ ਭਰੋਸਾ ਮੰਗਣ ਉਤੇ ਟਿੱਪਣੀ ਕਰਦੇ ਹੋਏ ਕਿਹਾ ਕਿ ਬਾਦਲ ਨੇ ਇਹ ਕਦੋਂ ਕਿਹਾ ਸੀ ਕਿ ਉਹ ਸੰਵਿਧਾਨ ਤੋਂ ਬਾਹਰ ਚਲੇ ਹਨ ?

ਬਿਆਨ ਵਿਚ ਗਿਹਾ ਗਿਆ ਕਿ ਅਜ ਤੱਕ ਕੋਈ ਵੀ ਸਿੱਖ ਉਤੇ ਸ਼ਰਤਾਂ ਲਾਕੇ ਆਪਣੀ ਗੱਲ ਨਹੀਂ ਮੰਨਵਾ ਸਕਿਆ । ਕਦੇ ਕੋਈ ਸਿੱਖ ਸਰਕਾਰੀ ਸ਼ਰਤਾਂ ਪ੍ਰਵਾਨ ਨਹੀਂ ਕਰ ਸਕਦਾ । ਉਨ੍ਹਾਂ ਕਿਹਾ ਕਿ ਸਿੱਖਾਂ ਤੋਂ ਸ਼ਰਤਾਂ ਮਨਵਾਉਣ ਵਾਲਿਆਂ ਨੂੰ ਸਿੱਖ ਇਤਿਹਾਸ ਪੜ੍ਹਨਾ ਚਾਹੀਦਾ ਹੈ । ਸਿੱਖਾਂ ਜਿੰਨਾ ਨਰਮ ਵੀ ਕੋਈ ਨਹੀਂ ਪ੍ਰੰਤੂ ਸਿੱਖਾਂ ਜਿੰਨਾ ਆਪਣੇ ਅਸੂਲ ਉਤੇ ਡਟਣ ਵਾਲਾ ਵੀ ਕੋਈ ਨਹੀਂ

ਅਕਾਲੀ ਹਲਕਿਆਂ ਦੀ ਇਕ ਧਾਰਨ ਇਹ ਵੀ ਹੈ ਕਿ ਰਾਜਪਾਲ ਸ੍ਰੀ ਰੇਅ ਹੌਲੀ ਹੌਲੀ ਸਾਰੇ ਅਕਾਲੀ ਧੜਿਆਂ ਵਿਰੁਧ ਪ੍ਰਾਪੇਗੰਡਾ ਕਰ ਕੇ ਅਕਾਲੀ ਦਲਾਂ ਦੀ ਸਾਖ ਨੂੰ ਖਤਮ ਕਰਨ ਉਤੇ ਲੱਗੇ ਹੋਏ ਹਨ । ਸ੍ਰੀ ਰੇਅ ਨੇ ਪਿਛਲੇ ਦਿਨੀਂ ਕੁਝ ਪੱਤਰਕਾਰਾਂ ਨਾਲ ਨਿੱਜੀ ਮੁਲਾਕਾਤਾਂ ਵਿਚ ਇਹ ਪ੍ਰਭਾਵ ਦਿਤਾ ਕਿ ਸਰਕਾਰ ਭਾਈ ਜਸਬੀਰ ਸਿੰਘ ਰੋਡੇ ਨੂੰ ਆਪਣੇ ਮੰਤਵ ਲਈ ਵਰਤ ਰਹੀ ਹੈ । ਰਾਜਪਾਲ ਅਜਿਹਾ ਪ੍ਰਭਾਵ ਦੇ ਕੇ ਉਨ੍ਹਾਂ ਦੀ ਸਾਖ ਵੀ ਖਤਮ ਕਰਨਾ ਚਾਹੁੰਦੇ ਹਨ । ਅਕਾਲੀ ਦਲ (ਲੌਂ:) ਦੀ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਵਿਰੁਧ ਤਾਂ ਉਹ ਕਈ ਵਾਰ ਆਖ ਚੁੱਕੇ ਹਨ ।

ਜਗਦੇਵ ਸਿੰਘ ਤਲਵੰਡੀ ਨੇ ਕਿਹਾ ਹੈ ਕਿ ਅਦਾਲਤ ਨੇ ਦਿੱਲੀ ਦੰਗਿਆਂ ਦੇ ਛੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਹੈ ਪ੍ਰੰਤੂ ਸੈਂਕੜੇ ਦੋਸ਼ੀ ਸ਼ਰੇਆਮ ਫਿਰ ਰਹੇ ਹਨ । ਪਾਰਟੀ ਦੇ ਜਨਰਲ ਸਕੱਤਰ ਭਾਈ ਮਨਜੀਤ ਸਿੰਘ ਕਲਕੱਤਾ ਨੇ ਕਿਹਾ ਹੈ ਕਿ ਦੰਗਿਆਂ ਦੇ ਵੱਡੇ ਦੋਸ਼ੀ ਤਾਂ ਅਜੇ ਰਾਜਭਾਗ 'ਤੇ ਬੈਠੇ ਹਨ, ਉਨ੍ਹਾਂ ਨੂੰ ਸਜ਼ਾ ਦੇਣ ਨਾਲ ਹੀ ਨਿਆਂ ਮਿਲੇਗਾ ।

ਤਾਮਿਲਨਾਡੂ ਦੇ ਨਾਲ ਪੰਜਾਬ ਅਤੇ ਮਿਜ਼ੋਰਮ ਦੀਆਂ ਵੀ ਚੋਣਾਂ ਸੰਭਵ

ਨਵੀਂ ਦਿੱਲੀ — ਜਾਣਕਾਰ ਹਲਕਿਆਂ ਤੋਂ ਪਤਾ ਲੱਗਾ ਹੈ ਕਿ ਕੇਂਦਰ ਵਲੋਂ ਤਾਮਿਲਨਾਡੂ ਦੇ ਨਾਲ ਨਾਲ ਮਿਜ਼ੋਰਮ, ਨਾਗਾਲੈਂਡ ਅਤੇ ਪੰਜਾਬ ਅਸੰਬਲੀ ਦੀਆਂ ਚੋਣਾਂ ਨੂੰ ਜਨਵਰੀ ਦੇ ਅੰਤਲੇ ਹਫਤੇ ਜਾਂ ਫਰਵਰੀ ਦੇ ਪਹਿਲੇ ਹਫਤੇ ਕਰਾਏ ਜਾਣ ਦੀ ਸੰਭਾਵਨਾ ਹੈ। ਇਸ ਸਬੰਧ ਵਿਚ ਚੋਣ ਕਮਿਸ਼ਨ ਵਲੋਂ ਛੇਤੀ ਹੀ ਨੋਟੀਫੀਕੇਸ਼ਨ ਜਾਰੀ ਹੋਣ ਦੀ ਸੰਭਾਵਨਾ ਹੈ। ਤਿੰਨਾਂ ਰਾਜਾਂ ਵਿਚ ਵੋਟਰ ਸੂਚੀਆਂ ਦੀ ਸੁਧਾਈ ਦਾ ਸਿਲਸਿਲਾ ਜਾਰੀ ਹੈ ਅਤੇ 31 ਦਸੰਬਰ ਤੱਕ ਵੋਟਰ ਸੂਚੀਆਂ ਦੇ ਮੁਕੰਮਲ ਹੋਣ ਦੀ ਆਸ ਹੈ। ਰਾਜਧਾਨੀ ਦੇ ਰਾਜਸੀ ਹਲਕਿਆਂ ਵਿਚ ਇਹ ਕਿਹਾ ਜਾ ਰਿਹਾ ਹੈ ਕਿ ਤਾਮਿਲਨਾਡੂ ਵਿਚ ਤਾਕਤ ਪ੍ਰਾਪਤ ਕਰਨ ਲਈ ਕਾਂਗਰਸ (ਇ) ਵਲੋਂ ਮੁਸਲਿਮ ਲੀਗ ਨਾਲ ਗਠਜੋੜ ਕਰਨ ਲਈ ਗੱਲਬਾਤ ਕੀਤੀ ਜਾ ਰਹੀ ਹੈ। ਦੂਜੇ ਪਾਸੇ ਅੱਨਾ ਡੀ ਐਮ ਕੇ ਦੇ ਜਾਨਕੀ ਗਰੁੱਪ ਨੂੰ ਵੀ ਕਾਂਗਰਸ ਦੇ ਨੇੜੇ ਲਿਆਉਣ ਦੇ ਯਤਨ ਕੀਤੇ ਜਾ ਰਹੇ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਦੇ ਬੀਤੇ ਦਿਨੀਂ ਮਦਰਾਸ ਦੌਰੇ ਦੌਰਾਨ ਤਾਮਿਲਨਾਡੂ ਵਿਚ ਕਾਂਗਰਸ ਦੀ ਸਫਲਤਾ ਲਈ ਕਈ ਅਹਿਮ ਮਸਲਿਆਂ ਤੇ ਵਿਚਾਰਾਂ ਹੋਈਆਂ।

ਜਥੇਦਾਰ ਕਾਬਲ ਸਿੰਘ ਬਰਤਾਨੀਆਂ ਵਿਚ

ਸਾਊਥਾਲ — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਸੰਤ ਲੌਂਗੋਵਾਲ ਅਕਾਲੀ ਦਲ ਦੇ ਲੀਡਰ ਕਾਬਲ ਸਿੰਘ ਅੱਜ ਕੱਲ੍ਹ ਬਰਤਾਨੀਆਂ ਪਹੁੰਚੇ ਹੋਏ ਹਨ। ਸ਼੍ਰੋਮਣੀ ਅਕਾਲੀ ਦਲ (ਸੰਤ ਲੌਂਗੋਵਾਲ) ਦੇ ਪ੍ਰਧਾਨ ਸੰਗਤਾਰ ਸਿੰਘ ਸੰਧੂ ਨੇ ਦੱਸਿਆ ਕਿ ਉਹਨਾਂ ਵਲੋਂ ਕਾਬਲ ਸਿੰਘ ਦੇ ਮਾਣ ਵਿਚ ਪਾਰਟੀ ਦਿੱਤੀ ਜਾ ਰਹੀ ਹੈ।

ਕਾਬਲ ਸਿੰਘ ਨੂੰ ਅਤਿਵਾਦੀਆਂ ਨੇ ਦੋ ਵਾਰ ਮਾਰਨ ਦਾ ਯਤਨ ਕੀਤਾ ਪਰ ਉਹ ਜ਼ਖਮੀ ਹੋ ਕੇ ਬਚਦੇ ਰਹੇ। ਮੀਟਿੰਗ ਵਿਚ ਉਹ ਪੰਜਾਬ ਦੀ ਹਾਲਤ, ਪੰਜਾਬ ਮਸਲੇ ਅਤੇ ਅਕਾਲੀਆਂ ਦੀ ਏਕਤਾ ਦੇ ਸਵਾਲਾਂ ਉਤੇ ਵਿਚਾਰ ਵੀ ਪ੍ਰਗਟ ਕਰਨਗੇ।

ਜਨਤਾ ਦਲ ਘੱਟ ਗਿਣਤੀਆਂ ਨੂੰ ਖ਼ੁਸ਼ ਕਰਨਾ ਛੱਡੇ — ਦਿਓਰਸ

ਨਾਗਪੁਰ — ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਬਾਲਾ ਸਾਹਿਬ ਦਿਓਰਸ ਨੇ ਨਵੇਂ ਬਣੇ ਜਨਤਾ ਦਲ ਨੂੰ ਸਲਾਹ ਦਿੱਤੀ ਹੈ ਕਿ ਉਹ ਕਾਂਗਰਸ ਵਾਂਗ ਘੱਟ ਗਿਣਤੀਆਂ ਨੂੰ ਖ਼ੁਸ਼ ਕਰਨ ਦੀ ਨੀਤੀ ਉਤੇ ਨਾ ਚਲੇ। ਆਰ ਐਸ ਐਸ ਦੇ ਬਾਨੀ ਦੀ ਸ਼ਤਾਬਦੀ ਮਨਾਉਣ ਦੇ ਸੰਬੰਧ ਵਿਚ ਕੀਤੇ ਗਏ ਇਕ ਸਮਾਗਮ ਵਿਚ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪੜ੍ਹਿਆ ਹੈ ਕਿ ਜਨਤਾ ਦਲ ਨੇ ਤਾਕਤ ਵਿਚ ਆਉਣ ਪਿਛੋਂ ਘੱਟ-ਗਿਣਤੀਆਂ ਬਾਰੇ ਇਕ ਘੱਟ ਗਿਣਤੀ ਕਮਿਸ਼ਨ ਕਾਇਮ ਕਰਨ ਦਾ ਭਰੋਸਾ ਦਿੱਤਾ ਹੈ। ਸ੍ਰੀ ਦਿਓਰਸ ਨੇ ਕਿਹਾ ਹੈ ਕਿ ਇਹੋ-ਜਿਹਾ ਕਮਿਸ਼ਨ ਕਾਇਮ ਕਰਨ ਦੀ ਕੋਈ ਲੋੜ ਨਹੀਂ ਹੈ।

ਧਰਮਿੰਦਰ ਦੇ ਆਉਣ ਦੇ ਇਸ਼ਤਿਹਾਰ ਛਾਪ ਕੇ ਪ੍ਰੋਗਰਾਮ ਕਰਨ ਵਾਲਿਆਂ ਵਿਰੁਧ ਜਾਂਚ

ਲੈਸਟਰ — ਇਥੋਂ ਦੇ ਕੁਝ ਲੋਕਾਂ ਨੇ ਦੀਵਾਲੀ ਦੀ ਖ਼ੁਸ਼ੀ ਵਿਚ 15 ਨਵੰਬਰ ਨੂੰ ਸਟੂਡੀਓ ਹੈਂਬਰ ਸਟੋਨ ਗੇਟ ਵਿਖੇ ਇਕ ਪ੍ਰੋਗਰਾਮ ਰਖਿਆ ਸੀ ਜਿਸ ਵਿਚ ਭਾਰਤੀ ਫਿਲਮੀ ਸਿਤਾਰਿਆਂ ਧਰਮਿੰਦਰ ਤੇ ਉਸਦੇ ਲੜਕੇ ਸੰਨੀ ਦਿਓਲ ਦੇ ਪਹੁੰਚਣ ਦੇ ਇਸ਼ਤਿਹਾਰ ਛਾਪੇ ਗਏ ਪਰ ਜਦੋਂ ਕਿਸੇ ਨੇ ਧਰਮਿੰਦਰ ਤੋਂ ਪਤਾ ਕੀਤਾ ਤਾਂ ਉਸ ਨੇ ਦੱਸਿਆ ਕਿ ਬਰਤਾਨੀਆਂ ਦੇ ਕਿਸੇ ਪ੍ਰੋਗਰਾਮ ਵਿਚ ਉਹਨਾਂ ਨੂੰ ਨਹੀਂ ਸੱਦਿਆ ਗਿਆ।

ਇਸ ਤਰ੍ਹਾਂ ਲੈਸਟਰ ਵਿਚ ਇਸ ਪ੍ਰੋਗਰਾਮ ਬਾਰੇ ਲੋਕਾਂ ਵਿਚ ਅਫਵਾਹਾਂ ਫੈਲਦੀਆਂ ਗਈਆਂ ਜਿਸ ਕਾਰਨ ਪ੍ਰਬੰਧਕਾਂ ਨੇ ਮੁਸ਼ਕਲ ਤੋਂ ਬਚਣ ਲਈ ਪ੍ਰੋਗਰਾਮ ਹੀ ਕੈਂਸਲ ਕਰ ਦਿੱਤਾ ਪਰ ਲੋਕਾਂ ਦੀ ਸ਼ਿਕਾਇਤ ਉਤੇ ਪੁਲਸ ਨੇ ਇਸ ਪ੍ਰੋਗਰਾਮ ਬਾਰੇ ਹੜਤਾਲ ਸ਼ੁਰੂ ਕੀਤੀ ਹੈ ਤਾਂ ਜੋ ਝੂਠ ਬੋਲ ਕੇ ਲੋਕਾਂ ਨੂੰ ਟਿਕਟ ਵੇਚੇ ਗਏ ਹੋਣ ਤਾਂ ਪ੍ਰਬੰਧਕਾਂ ਵਿਰੁਧ ਕੋਈ ਐਕਸ਼ਨ ਲਿਆ ਜਾ ਸਕੇ। ਪੁਲਸ ਨੇ ਟਿਕਟ ਖਰੀਦਣ ਵਾਲਿਆਂ ਨੂੰ ਸੱਦਿਆ ਹੈ। ਪ੍ਰਬੰਧਕਾਂ ਨੇ ਕਿਹਾ ਹੈ ਕਿ ਉਹਨਾਂ ਨੇ ਪ੍ਰੋਗਰਾਮ ਕੈਂਸਲ ਕਰ ਦਿੱਤਾ ਹੈ।

ਇਸ਼ਕ ਦੇ ਮਾਮਲੇ



ਕੈਸੇਟ ਸੰਸਾਰ ਵਿਚ ਹਰਭਜਨ ਮਾਨ ਦਾ ਨਵਾਂ ਨਾਂ ਜੁੜਿਆ ਹੈ। ਥੋੜ੍ਹੇ ਦਿਨ ਪਹਿਲਾਂ ਐਚ ਐਮ ਵੀ ਨੇ ਹਰਭਜਨ ਮਾਨ ਦੀ ਪੰਜਾਬੀ ਗੀਤਾਂ ਦੀ ਪਹਿਲੀ ਕੈਸੇਟ 'ਇਸ਼ਕ ਦੇ ਮਾਮਲੇ' ਰਿਲੀਜ਼ ਕੀਤੀ ਹੈ। ਇਸ ਤੋਂ ਪਹਿਲਾਂ ਉਹ ਕਾਲਜਾਂ ਦੀਆਂ ਸਟੇਜਾਂ ਜਾਂ ਕਲਚਰਲ ਪ੍ਰੋਗਰਾਮਾਂ ਵਿਚ ਗਾਉਂਦਾ ਰਿਹਾ ਹੈ।

ਪਹਿਲੀ ਹੀ ਕੈਸੇਟ ਵਿਚ ਮਾਨ ਨੇ ਜਿਸ ਭਰਵੇਂ ਅੰਦਾਜ਼ ਵਿਚ ਗਾਇਆ ਹੈ ਉਸ ਨੂੰ ਸੁਣ ਕੇ ਉਸ ਵਿਚ ਹੰਢੇ ਵਰਤੇ ਗਾਇਕ ਦੀ ਝਲਕ ਪੈਂਦੀ ਹੈ। ਵੈਸੇ ਐਚ ਐਮ ਵੀ ਕੰਪਨੀ ਵਾਲੇ ਕਿਸੇ ਨਵੇਂ ਗਾਇਕ ਨੂੰ ਛੇਤੀ ਕੀਤੇ ਹੱਥ ਨੀ ਪਾਉਂਦੇ।

ਕੈਸੇਟ ਵਿਚ ਸੱਤ ਗੀਤ ਹਨ ਤੇ ਸਾਰੇ ਲੇਖਣੀ ਪੱਖੋਂ ਤੇ ਗਾਇਕੀ ਪੱਖੋਂ ਪਾਸ ਹਨ ਅਤੇ ਪਰਿਵਾਰ ਵਿਚ ਬੈਠ ਕੇ ਸੁਣੇ ਜਾਣ ਵਾਲੇ ਹਨ। ਸਾਰੇ ਗੀਤ ਕਰਨੈਲ ਸਿੰਘ ਰਾਮੂਵਾਲੀਆ (ਪਾਰਸ) ਦੇ ਲਿਖੇ ਹੋਏ ਹਨ ਤੇ ਸੰਗੀਤ ਗੋਪਾਲ ਖੰਨਾ ਨੇ ਤਿਆਰ ਕੀਤਾ ਹੈ।

ਤਿੰਨ ਦਹਾਕੇ ਪਹਿਲਾਂ ਕਰਮਜੀਤ ਧੂਰੀ ਨੇ ਧੂਰੀ ਸ਼ਹਿਰ ਦਾ ਨਾਂ ਮਸ਼ਹੂਰ ਕੀਤਾ ਸੀ ਤੇ ਹੁਣ ਹਰਭਜਨ ਮਾਨ ਨੇ ਹਾਲੇ ਉਹ ਛੋਟੀ ਉਮਰ ਦਾ ਹੀ ਤੇ ਉਸ ਨੇ ਆਪਣੀ ਪਹਿਲੀ ਕੈਸੇਟ ਨਾਲ ਸਾਫ ਸੁਥਰੀ ਗਾਇਕੀ ਦੇ ਭਵਿਖ ਦੀ ਉਮੀਦ ਬੰਨ੍ਹਾਇਂ ਹੈ।

ਵੈਸੇ ਤਾਂ ਕਿਸੇ ਵੀ ਗੀਤ 'ਤੇ ਉਂਗਲੀ ਨਹੀਂ ਰੱਖੀ ਜਾ ਸਕਦੀ ਪ੍ਰੰਤੂ ਕੁਝ ਗੀਤ ਤਾਂ ਅਸਲੋਂ ਹੀ ਕਮਾਲ ਹਨ ਜਿਵੇਂ ਟਾਇਟਲ ਗੀਤ :

'ਇਸ਼ਕ ਦੇ ਮਾਮਲੇ ਅਵੱਲੇ ਸੱਜਣਾ, ਪੈਂਦੀ ਦਮੜੀ ਮੁਨਾਫੇ ਦੀ ਨਾ ਪੱਲੇ ਸੱਜਣਾ'

ਸੱਸੀ ਦੀ ਮਾਂ ਆਖੇ, ਇਸ਼ਕ ਦੀ ਬੁਰੀ ਬੀਮਾਰੀ'

'ਬਾਂਦੀ ਤੇਰੀ ਆਂ ਵੇ ਦਮੋਂ ਬਿਨਾਂ ਰਝੇਂਟਿਆ ਯਾਦ ਕਰੇਂਦੀ ਆਂ ਮੈਂ ਹਰ ਚਰਖੇ ਦੇ ਗੇੜੇ'

'ਜਾਣਾ ਸੀ ਜੇ ਪਰਦੇਸ ਨੂੰ, ਕਾਹਨੂੰ ਲਈਆਂ ਸੀ ਚੰਦਰਿਆ ਲਾਵਾਂ' — ਆਦਿ

ਹਰ ਗੀਤ ਆਪਣੇ ਵੱਖਰੇ ਅੰਦਾਜ਼ ਵਿਚ ਗਾਇਆ ਗਿਆ ਹੈ। ਸਾਫ ਸੁਥਰੇ ਗੀਤ ਸੁਣਨ ਵਾਲਿਆਂ ਲਈ ਇਹ ਇਕ ਵਧੀਆ ਕੈਸੇਟ ਹੈ।

—ਸੁਰਿੰਦਰ

ਪੰਜਾਬੀ ਲੇਖਕ ਮੰਚ ਵੈਨਕੂਵਰ ਵਲੋਂ ਕਵੀ ਸੰਤੋਖ ਸਿੰਘ ਧੀਰ ਸਹਾਇਤਾ ਟ੍ਰਸਟ ਫੰਡ

ਮੁਹਿੰਦਰ ਸੂਮਲ	1000 ਰੁਪਏ
ਜੀਤ ਸਿੰਘ ਅਣਖੀ	1000 ਰੁਪਏ
ਗੁਰਚਰਨ ਰਾਮਪੁਰੀ	101 ਡਾਲਰ
ਮਾਤਾ ਬਚਨ ਕੌਰ ਰਾਮਪੁਰੀ	151 ਡਾਲਰ

ਬਾਕੀ ਲੇਖਕ ਅਤੇ ਹੋਰ ਸਾਹਿਤ-ਪ੍ਰੇਮੀ ਹੇਠ ਲਿਖੇ ਸਿਰਨਾਮੇ/ਫੋਨ ਉਤੇ ਆਪਣੇ ਵਲੋਂ ਸਹਾਇਤਾ ਲਿਖਾ/ਭੇਜ ਸਕਦੇ ਹਨ। ਮੰਚ ਉਨ੍ਹਾਂ ਦਾ ਅਤੀ ਧੰਨਵਾਦੀ ਹੋਵੇਗਾ।

1714 Draycott Road
North Vancouver, B.C. V7J 1W6
Ph. (604) 986-2883

ਰਣਬੀਰ ਵੈਦ ਉਤੇ 10 ਲੱਖ ਪੌਂਡ ਦੇ ਫਰਾਡ ਦਾ ਕੇਸ

ਕਾਰਡਿਫ — ਇਥੋਂ ਦੇ ਜੇ ਪੀ ਡਾਕਟਰ ਰਣਬੀਰ ਸਿੰਘ ਵੈਦ ਜਿਸ ਨੂੰ ਪਿਛਲੇ ਸਾਲ ਅਮਰੀਕਾ ਵਿਚ ਫਰਾਡ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ ਨੂੰ ਮੁੜ ਵੇਲਜ਼ ਵਿਚ ਮੁਕਦਮਾ ਚਲਾਏ ਜਾਣ ਲਈ ਵਾਪਸ ਲਿਆਂਦਾ ਗਿਆ ਹੈ। ਉਸ ਉਤੇ ਨੈਸ਼ਨਲ ਹੈਲਥ ਵਿਚ ਇਕ ਲੱਖ ਪੌਂਡ ਦਾ ਫਰਾਡ ਦਾ ਦੋਸ਼ ਹੈ। ਹੁਣ ਉਸਨੂੰ ਕਾਰਡਿਫ ਮੈਜਿਸਟਰੇਟ ਅੱਗੇ ਪੇਸ਼ ਕੀਤਾ ਜਾਏਗਾ। ਪੁਲਸ ਦੇ ਡੀਟੈਕਟਿਵ ਉਸਨੂੰ ਲੈਣ ਲਈ ਅਮਰੀਕਾ ਗਏ ਸਨ। ਰਣਬੀਰ ਸਿੰਘ ਵੈਦ ਦੇ ਬਾਲ ਬੱਚੇ ਅਮਰੀਕਾ ਵਿਚ ਰਹਿੰਦੇ ਹਨ ਤੇ ਮਈ 1985 ਵਿਚ ਉਹ ਉਹਨਾਂ ਪਾਸ ਚਲਿਆ ਗਿਆ ਸੀ। ਬਰਤਾਨਵੀ ਸਰਕਾਰ ਦੇ ਕਹਿਣ ਉਤੇ ਐਟਲਾਂਟਿਕ ਸਿਟੀ ਦੇ ਉਸ ਦੇ ਫਲੈਟ ਤੋਂ ਉਸਨੂੰ ਗ੍ਰਿਫਤਾਰ ਕੀਤਾ ਗਿਆ।

ਕੰਪਲੈਕਸ ਸ਼੍ਰੋਮਣੀ ਕਮੇਟੀ ਨੂੰ ਸੌਂਪਣ 'ਤੇ ਤਸੱਲੀ ਦਾ ਪ੍ਰਗਟਾਵਾ


ਅੰਮ੍ਰਿਤਸਰ — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਮਨਜੀਤ ਸਿੰਘ ਕਲਕੱਤਾ ਨੇ ਸਰਕਾਰ ਵਲੋਂ ਦਰਬਾਰ ਸਾਹਿਬ ਕੰਪਲੈਕਸ ਸ਼੍ਰੋਮਣੀ ਕਮੇਟੀ ਨੂੰ ਸੌਂਪਣ ਉਤੇ ਗਹਿਰੀ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਪੂਰੀ ਵਾਹ ਲਾ ਰਹੇ ਹਨ ਕਿ ਕੰਪਲੈਕਸ ਅੰਦਰੋਂ ਡਰ ਅਤੇ ਦਹਿਸ਼ਤਵਾਦ ਦੇ ਮਾਹੌਲ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਜਾਵੇ। ਅਜਿਹੇ ਮਾਹੌਲ ਬਾਰੇ ਪ੍ਰਚਾਰ ਨਾਲ ਬਹੁਤ ਸਾਰੀਆਂ ਗਲਤ ਫਹਿਮੀਆਂ ਪੈਦਾ ਹੋ ਗਈਆਂ ਹਨ। ਸ੍ਰੀ ਕਲਕੱਤਾ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਦਰਬਾਰ ਸਾਹਿਬ ਅੰਦਰ ਸ਼ਰਧਾ ਦਾ ਮਾਹੌਲ ਬਰਕਰਾਰ ਰਹੇ। ਇਸ ਮਾਮਲੇ ਅੰਦਰ ਸ਼੍ਰੋਮਣੀ ਕਮੇਟੀ ਦੀਆਂ ਕੋਸ਼ਿਸ਼ਾਂ ਸਫਲ ਹੋਈਆਂ ਹਨ। ਇਸ ਦਾ ਪਤਾ ਗੁਰੂ ਰਾਮ ਦਾਸ ਦੇ ਜਨਮ ਦਿਵਸ ਉਤੇ ਹੋਏ ਸਮਾਰੋਹਾਂ ਤੋਂ ਲਗਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਚਾਹੁੰਦੀ ਹੈ ਕਿ ਅਜਿਹਾ ਉਤਸ਼ਾਹ, ਦਰਬਾਰ ਸਾਹਿਬ ਅੰਦਰ ਗੁਰੂ ਗ੍ਰੰਥ ਸਾਹਿਬ ਦੇ 400 ਸਾਲਾ ਪ੍ਰਕਾਸ਼ ਉਤਸਵ ਜੋ ਜਨਵਰੀ 1989 ਵਿਚ ਆ ਰਿਹਾ ਹੈ ਤਕ ਲਗਾਤਾਰ ਬਰਕਰਾਰ ਰਹੇ।

ਕਮਿਊਨਿਟੀ ਖਬਰਾਂ — ਤਸਵੀਰਾਂ ਦੀ ਜ਼ਬਾਨੀ



ਕਮਿਊਨਿਟੀ ਡਿਨਰ ਜਿਸਦਾ ਖਰਚ ਅਵਤਾਰ ਸਮਰਾਨੇ ਝੱਲਿਆ, ਨਾਲ ਖੁਸ਼ਪਾਲ ਗਿੱਲ, ਬਲਵੰਤ ਹਾਂਸ ਤੇ ਮੋਅ ਸਹੋਤਾ

ਵੈਨਕੂਵਰ ਆਈਲੈਂਡ ਹਾਈਵੇ ਉਤੇ 600 ਮਿਲੀਅਨ ਖਰਚ — ਵੈਂਡਰਜ਼ਾਮ



VANDER ZALM

ਵਿਕਟੋਰੀਆ — ਬੀ. ਸੀ. ਦੇ ਪ੍ਰੀਮੀਅਰ ਵੈਂਡਰਜ਼ਾਮ ਨੇ ਇਥੇ ਕਿਹਾ ਕਿ ਵੈਨਕੂਵਰ ਆਈਲੈਂਡ ਹਾਈਵੇ ਉਤੇ ਸੂਬਾ ਸਰਕਾਰ 600 ਮਿਲੀਅਨ ਡਾਲਰ ਖਰਚ ਕਰੇਗੀ ਅਤੇ ਇਸ ਨੂੰ ਬਣਨ ਉਤੇ 8 ਸਾਲ ਦਾ ਸਮਾਂ ਲੱਗੇਗਾ।

ਪ੍ਰੀਮੀਅਰ ਨੇ ਕਿਹਾ ਕਿ ਇਸ ਹਾਈਵੇ ਲਈ ਲੋਕਾਂ ਦੀ ਮੰਗ ਬੜੀ ਦੇਰ ਤੋਂ ਸੀ। ਨਨੈਮੋਂ ਤੋਂ ਕੈਂਬਲ ਰਿਵਰ ਵਿਚਕਾਰ ਕੰਮ ਆਉਂਦੀਆਂ ਗਰਮੀਆਂ ਵਿਚ ਸ਼ੁਰੂ ਹੋਵੇਗਾ।

ਵੈਨਕੂਵਰ ਵਿਚ 'ਕੈਸੀਆਰ ਕੁਨੈਕਟਰ'

ਪ੍ਰੀਮੀਅਰ ਨੇ ਪਿਛਲੇ ਦਿਨ ਐਲਾਨ ਕੀਤਾ ਕਿ ਵੈਨਕੂਵਰ ਵਿਚ ਸੈਕਿੰਡ ਨੈਰੋਜ਼ ਬਰਿਜ ਅਤੇ ਟਰਾਂਸ-ਕੈਨੇਡਾ ਹਾਈਵੇ ਉਤੇ 'ਕੈਸੀਆਰ ਕੁਨੈਕਟਰ' ਬਣਾਇਆ ਜਾਵੇਗਾ ਜਿਸ ਉਤੇ 85 ਮਿਲੀਅਨ ਡਾਲਰ ਖਰਚ ਆਵੇਗਾ। ਇਸ ਰਾਹ ਉਤੇ ਇਕ ਲੱਖ ਵਾਹਨ ਹਰ ਰੋਜ਼ ਚਲਦੇ ਹਨ ਤੇ ਟਰੈਫਿਕ ਦੀ ਸਮੱਸਿਆ ਬਣੀ ਰਹਿੰਦੀ ਹੈ।

ਭਾਰਤੀ ਧਨਾਢਾਂ ਦੇ ਜਸ਼ਨ 'ਚ ਥੈਚਰ ਦੇ ਚੋਹਲ ਪੋਹਲ

ਅਖੇ ਮੈਂ ਭਾਰਤੀਆਂ ਦੀ ਸ੍ਰੇਸ਼ਟਤਾ ਦੀ ਕਾਇਲ ਹਾਂ

ਲੰਡਨ — ਭਾਰਤੀ ਵਿਦਿਆ ਭਵਨ ਦੀ 50ਵੀਂ ਵਰ੍ਹੇਗੰਢ ਦੇ ਮੌਕੇ ਉਤੇ ਡੌਰਚੈਸਟਰ ਹੋਟਲ ਵਿਚ ਬਰਤਾਨੀਆਂ ਦੇ ਧਨਾਢ ਵਪਾਰੀਆਂ ਸਨਅਤਕਾਰਾਂ ਤੇ ਚਿਟ ਕਪੜੀਏ ਚੌਧਰੀਆਂ ਦਾ ਇਕੱਠ ਹੋਇਆ। ਹਾਜ਼ਰੀ ਕੋਈ 500 ਦੇ ਕਰੀਬ ਸੀ। ਇਸ ਮੌਕੇ ਉਤੇ ਪ੍ਰਧਾਨ ਮੰਤਰੀ ਮਿਸਿਜ਼ ਥੈਚਰ ਨੂੰ ਸੱਦ ਕੇ ਸਨਮਾਨਤ ਵੀ ਕੀਤਾ ਗਿਆ ਅਤੇ ਟੋਰੀ ਪਾਰਟੀ ਦੀ ਚੌਥੀ ਵਾਰੀ ਦੀ ਸਰਕਾਰ ਬਨਾਉਣ ਲਈ ਸਹਾਇਤਾ ਦਾ ਵਚਨ ਦਿੱਤਾ ਗਿਆ।

ਇਸ ਅਵਸਰ ਉਤੇ ਭਾਰਤੀ ਹਾਈ ਕਮਿਸ਼ਨਰ ਐਮ ਕੇ ਰਸਗੋਤਰਾ, ਜੰਮੂ ਕਸ਼ਮੀਰ ਦੇ ਮੁਖ ਮੰਤਰੀ ਫਾਰੂਕ ਅਬਦੁੱਲਾ ਤੇ ਡਿਪਟੀ ਹਾਈ ਕਮਿਸ਼ਨਰ ਮਿ. ਹੈਦਰ ਵੀ ਮੌਜੂਦ ਸਨ। ਤਕਰੀਰ ਵਿਚ ਥੈਚਰ ਨੇ ਕਿਹਾ — ਅਜ ਇਹ ਭਾਰਤੀ ਭਵਨ ਬਿਲਕੁਲ ਉਹੋ ਤਸਵੀਰ ਪੇਸ਼ ਕਰਦਾ ਹੈ ਜੋ ਮੈਂ ਚਾਹੁੰਦੀ ਹਾਂ। ਇਹ ਭਵਨ ਸਦਾ ਹੀ ਸਰੇਸ਼ਟਤਾ ਦਾ ਵਿਖਾਵਾ ਕਰਦਾ ਹੈ। ਪਰ ਇਹ ਸਰੇਸ਼ਟਤਾ ਕੇਵਲ ਵਪਾਰੀਆਂ, ਸਨਅਤਕਾਰਾਂ ਜਾਂ ਬੁਧੀਵਾਨਾਂ ਦੀ ਨਹੀਂ ਸਗੋਂ ਹਰ ਇਕ ਦੀ ਹੋਣੀ ਚਾਹੀਦੀ ਹੈ। ਬਰਤਾਨੀਆਂ ਵਿਚ ਵਸਦੇ ਏਸ਼ੀਅਨਾਂ ਲਈ ਦੀਵਾਲੀ ਦੀ ਅਹਿਮੀਅਤ ਦਸਦਿਆਂ ਥੈਚਰ ਨੇ ਕਿਹਾ ਕਿ ਇਹ ਭਾਰਤੀਆਂ ਦਾ ਮਹਾਨ ਧਾਰਮਕ ਦਿਵਸ ਹੈ ਜੋ ਅਸਲ ਵਿਚ ਦੁਨੀਆਂ ਉਤੇ ਪ੍ਰਮਾਤਮਾ ਦੀ ਸ਼ਕਤੀ ਨੂੰ ਜ਼ਾਹਰ ਕਰਦਾ ਹੈ ਜੋ ਹਨੇਰੇ ਉਤੇ ਚਾਨਣ ਅਤੇ ਜਹਾਲਤ ਵਿਰੁਧ ਸਿਆਣਪ ਦੀ ਜਿੱਤ ਨੂੰ ਜਾਹਰ ਕਰਦਾ ਹੈ। ਭਾਰਤੀਆਂ ਨੇ ਬਰਤਾਨੀਆਂ ਵਿਚ ਰਹਿ ਕੇ ਆਪਣੀ ਜਾਗਰਤੀ, ਸਿਆਣਪ, ਭਰੋਸੇ, ਸਹਿਨਸ਼ੀਲਤਾ ਅਤੇ ਟੱਬਰ ਦੀ ਏਕਤਾ ਵਿਚ ਬੜ੍ਹਾਵਾ ਕੀਤਾ ਹੈ। ਆਪਣੇ ਤਜਰਬੇ ਰਾਹੀਂ ਖੁਸ਼ਹਾਲੀ ਪੈਦਾ ਕੀਤੀ ਹੈ।

ਥੈਚਰ ਨੇ ਆਪਣੀ ਤਕਰੀਰ ਵਿਚ ਭਾਰਤੀ ਜੀਵਨ ਢੰਗ, ਖਾਸ ਕਰਕੇ ਟੱਬਰ ਦੀ ਸਾਂਝ ਦੀ ਪ੍ਰਸ਼ੰਸਾ ਕੀਤੀ। ਇਸ ਖੁਸ਼ੀਆਂ ਦੇ ਮੌਕੇ ਵਿਚ ਹੀ ਥੈਚਰ ਨੇ ਗਮਗੀਨ ਹੋ ਕੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਯਾਦ ਕੀਤੀ ਅਤੇ ਕਿਹਾ ਕਿ ਉਹਨਾਂ ਨੇ ਅੱਜ ਤੱਕ ਉਨੀ ਨੇੜਤਾ ਕਿਸੇ ਹੋਰ ਦੇਸ਼ ਦੇ ਮੁਖੀ ਨਾਲ ਰਹਿ ਕੇ ਨਹੀਂ ਪ੍ਰਾਪਤ ਕੀਤੀ ਜਿੰਨੀ ਇੰਦਰਾ ਦੇ ਕੋਲ ਰਹਿ ਕੇ ਕੀਤੀ ਸੀ।

ਭਾਰਤੀ ਹਾਈ ਕਮਿਸ਼ਨਰ ਮਿ. ਰਸਗੋਤਰਾ ਨੇ ਹਾਸਿਆਂ ਦੀ ਗੂੰਜ ਵਿਚ ਇਹ ਸ਼ਬਦ ਕਹੇ — "ਭਾਰਤੀਆਂ ਦੀ ਇਹ ਵਿਸ਼ੇਸ਼ ਕਮਜ਼ੋਰੀ ਸਮਝੋ ਜੋ ਉਹਨਾਂ ਔਰਤ ਪ੍ਰਧਾਨ ਮੰਤਰੀ ਨੂੰ ਬਹੁਤ ਚਾਹਿਆ ਹੈ।" ਬਰਤਾਨੀਆਂ ਵਸਦੇ ਭਾਰਤੀ ਜਿਹਨਾਂ ਦੀ ਗਿਣਤੀ ਲਗਭਗ ਦਸ ਲੱਖ ਬਣਦੀ ਹੈ ਬੇਹੱਦ ਮਿਹਨਤੀ ਹਨ

ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵਲੋਂ ਇਕ ਸ਼ਾਨਦਾਰ ਪ੍ਰੋਗਰਾਮ

ਫਾਰਮ ਵਰਕਰਜ਼ ਯੂਨੀਅਨ 4 ਨਵੰਬਰ 1988 ਨੂੰ ਇਕ ਸਪੀਚਾਂ, ਨਾਚਾਂ ਅਤੇ ਡਿਨਰ ਦੇ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਗਿਆ ਜਿਸ ਵਿਚ ਫਰੇਜ਼ਰ ਵੈਲੀ ਦੇ ਖੇਤ ਕਾਮੇ, ਉਨ੍ਹਾਂ ਦੇ ਸ਼ੁਭਚਿੰਤਕ, ਸਹਿਯੋਗੀ ਅਤੇ ਰਾਜਸੀ ਲੀਡਰਾਂ ਨੇ ਭਾਗ ਲਿਆ। ਗਿਣਤੀ ਪੰਜ ਸੌ ਤੋਂ ਉਪਰ ਸੀ। ਪ੍ਰੋਗਰਾਮ ਵਿਚ ਸ਼ਾਮਲ ਹੋਣ ਵਾਲਿਆਂ ਵਿਚ ਬਹੁਤੀ ਗਿਣਤੀ ਸਾਡੇ ਗੋਰੇ ਸਾਥੀਆਂ ਦੀ ਸੀ। ਇਹ ਪ੍ਰੋਗਰਾਮ ਹਡਸਨ ਸਟਰੀਟ, ਵੈਨਕੂਵਰ ਵਿਚ ਸਕਾਟਿਸ਼ ਕਲਚਰਲ ਸੈਂਟਰ ਵਿਚ ਕੀਤਾ ਗਿਆ।

ਇਹ ਗੱਲ ਤਾਂ ਕਿਸੇ ਤੋਂ ਭੁਲੀ ਹੋਈ ਨਹੀਂ ਕਿ ਫਾਰਮ ਵਰਕਰਜ਼ ਯੂਨੀਅਨ ਦਾ ਸਾਡੀ ਇੰਡੋ ਕਨੇਡੀਅਨ ਕਮਿਊਨਿਟੀ ਨੂੰ ਬਹੁਤ ਮਹੱਤਵਪੂਰਨ ਯੋਗਦਾਨ ਹੈ। ਇਸ ਯੂਨੀਅਨ ਨੇ ਸਮੁੱਚੀ ਕਨੇਡੀਅਨ ਲੇਬਰ ਦੇ ਇਤਿਹਾਸ ਵਿਚ ਅਜਿਹੀ ਪਰੰਪਰਾ ਨੂੰ ਜਨਮ ਦਿੱਤਾ ਹੈ ਜਿਸ ਉਤੇ ਅਸੀਂ ਸਾਰੇ ਫਖਰ ਮਹਿਸੂਸ ਕਰ ਸਕਦੇ ਹਾਂ ਕੈਨੇਡਾ ਵਿਚ ਇਹ ਪਹਿਲੀ ਫਾਰਮ ਵਰਕਰਜ਼ ਯੂਨੀਅਨ ਹੈ ਅਤੇ ਇਸ ਨੂੰ ਇੰਡੋ ਕਨੇਡੀਅਨ ਲੋਕਾਂ ਨੇ ਸਥਾਪਿਤ ਕੀਤਾ ਹੈ। ਬੀ ਸੀ ਤੋਂ ਬਿਨਾਂ ਇਹ ਯੂਨੀਅਨ ਮੈਨੀਟੋਬਾ ਅਤੇ ਓਂਟਾਰੀਓ ਵਿਚ ਵੀ ਸਰਗਰਮ ਹੈ ਅਤੇ ਇਸ ਨਾਲ ਸੰਬੰਧਤ ਕਾਮੇ ਇੰਡੋ ਕਨੇਡੀਅਨ ਮੂਲ ਤੋਂ ਇਲਾਵਾ ਹੋਰ ਦੇਸ਼ਾਂ ਦੇ ਮੂਲ ਦੇ ਵੀ ਹਨ।

ਇਸ ਯੂਨੀਅਨ ਨੇ ਇਹ ਸਿਧ ਕਰ ਦਿੱਤਾ ਹੈ ਕਿ ਅਸੀਂ 'ਓਪਰੀ' ਧਰਤੀ ਉਤੇ ਜਾ ਕੇ 'ਓਪਰੇ' ਸਭਿਆਚਾਰ ਵਿਚ ਰਹਿ ਕੇ ਵੀ ਆਪਣੇ ਹੱਕਾਂ ਲਈ ਡਟ ਸਕਦੇ ਹਾਂ। ਭਾਰਤੀ ਬਾਹਰ ਆਕੇ ਸਿਰਫ ਪਿਛੇ ਲਗਣ ਵਾਲੇ ਅਤੇ ਜੀ ਹਜ਼ੂਰ ਕਹਿਣ ਵਾਲੇ ਹੀ ਨਹੀਂ ਉਹ ਅਗਵਾਈ ਵੀ ਕਰ ਸਕਦੇ ਹਨ, ਲੀਡਰ ਵੀ ਬਣ ਸਕਦੇ ਹਨ। ਅਤੇ ਇਹ ਇਹਨਾਂ ਗੱਲਾਂ ਸਦਕਾ ਹੀ ਹੈ ਕਿ ਇਸ ਚਾਰ ਨਵੰਬਰ ਦੇ ਪ੍ਰੋਗਰਾਮ ਵਿਚ ਕਮਿਊਨਿਟੀ ਦੇ ਇਤਨੇ ਲੋਕ ਖੇਤ ਕਾਮਿਆਂ ਨਾਲ ਮਿਲ ਬੈਠਣ ਲਈ ਆਏ।

ਪ੍ਰੋਗਰਾਮ ਦੇ ਆਰੰਭ ਵਿਚ ਚਰਨਪਾਲ ਗਿੱਲ ਨੇ ਆਏ ਲੋਕਾਂ ਨੂੰ ਜੀ ਆਇਆਂ ਕਿਹਾ ਅਤੇ ਪ੍ਰੋਗਰਾਮ ਦੀ ਸੰਖੇਪ ਜਾਣਕਾਰੀ ਦਿੱਤੀ। ਚਰਨਪਾਲ ਗਿੱਲ ਸ਼ੁਰੂ ਤੋਂ ਹੀ ਫਾਰਮਵਰਕਰਜ਼ ਯੂਨੀਅਨ ਦੇ ਸਰਗਰਮ ਅਤੇ ਆਗੂ ਮੈਂਬਰਾਂ ਵਿਚੋਂ ਰਹੇ ਹਨ। ਇਸ ਵਾਰ ਉਹ 21 ਨਵੰਬਰ ਦੀ ਫੈਡਰਲ ਇਲੈਕਸ਼ਨ ਵਿਚ ਐਨ ਡੀ ਪੀ ਵਲੋਂ ਚੋਣ ਲੜ ਰਹੇ ਹਨ। ਚੋਣਾਂ ਵਿਚ ਉਹਨਾਂ ਦੀ ਸਫਲਤਾ, ਖੇਤ ਮਜ਼ਦੂਰਾਂ ਦੇ ਸੰਘਰਸ਼ ਨੂੰ ਹੋਰ ਵੀ ਮਜ਼ਬੂਤ ਕਰੇਗੀ।

ਪ੍ਰੋਗਰਾਮ ਦੀ ਪਹਿਲੀ ਸਪੀਚ ਯੂਨੀਅਨ ਦੇ ਪ੍ਰਧਾਨ, ਸਰਵਣ ਬੋਲ ਨੇ ਦਿੱਤੀ। ਸਪੀਚ ਦਾ ਮੁਖ ਨੁਕਤਾ ਇਹ ਸੀ ਕਿ ਯੂਨੀਅਨ ਅਗਲੇ ਸਾਲ 1989 ਵਿਚ ਸਰਕਾਰ ਤੋਂ ਖੇਤ ਕਾਮਿਆਂ ਲਈ ਸਿਹਤ ਅਤੇ ਸੁਰੱਖਿਆ ਦੇ ਕਾਨੂੰਨ ਲਾਗੂ ਕਰਵਾਉਣ ਲਈ ਬਹੁਤ ਨਿਸਚੇ ਅਤੇ ਗਰਮਜੋਸ਼ੀ ਨਾਲ ਮੁਹਿਮ ਆਰੰਭ ਕਰੇਗੀ। ਇਸ ਵਿਚ ਉਹਨਾਂ ਨੂੰ ਲੋਕਾਂ ਦੇ ਵੱਧ ਤੋਂ ਵੱਧ ਸਹਿਯੋਗ ਦੀ ਜ਼ਰੂਰਤ ਹੈ ਇਹ ਮੁਹਿਮ ਬੀ ਸੀ ਫੈਡਰੇਸ਼ਨ ਆਫ ਲੇਬਰ, ਅਤੇ ਕੈਨੇਡਾ ਦੀ ਮੁਖ ਮਜ਼ਦੂਰ ਜਥੇਬੰਦੀ, ਕਨੇਡੀਅਨ ਲੇਬਰ ਕਾਂਗਰਸ (C.L.C.) ਦੀ ਸਹਾਇਤਾ ਨਾਲ ਸ਼ੁਰੂ ਕੀਤੀ ਜਾਵੇਗੀ। ਆਪਣੀ ਸਪੀਚ ਦੇ ਪੰਜਾਬੀ ਅਨੁਵਾਦ ਕਰਨ ਸਮੇਂ ਉਹਨਾਂ ਇੰਡੋ ਕਨੇਡੀਅਨ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਇਹਨਾਂ ਪ੍ਰੋਗਰਾਮਾਂ ਵਿਚ ਸਾਡੇ ਗੋਰੇ ਦੋਸਤ ਵੱਡੀ ਗਿਣਤੀ ਵਿਚ ਭਾਗ ਲੈਂਦੇ ਹਨ, ਸਾਨੂੰ ਵੀ ਇਸੇ ਤਰ੍ਹਾਂ ਗਰਮਜੋਸ਼ੀ ਨਾਲ ਭਾਗ ਲੈਣਾ ਚਾਹੀਦਾ ਹੈ।

ਬੋਲ ਨੇ ਕਿਹਾ ਕਿ ਜੋ ਖਤਰਨਾਕ ਪੈਸਟੀਸਾਈਡ ਕੈਲੇਫੋਰਨੀਆਂ ਦੇ ਫਾਰਮਾਂ ਵਿਚ ਵਰਤੇ ਜਾਂਦੇ ਹਨ ਓਹੀ ਏਥੇ ਬੀ ਸੀ ਵਿਚ ਵੀ ਵਰਤੇ ਜਾਂਦੇ ਹਨ ਪਰ ਕੈਨੇਡਾ ਵਿਚ ਅਜੇ ਕੁਝ ਨਾ ਕੁਝ ਪਾਬੰਦੀਆਂ ਮੌਜੂਦ ਹਨ। ਜੇ ਫਰੀ ਟਰੇਡ ਲਾਗੂ ਹੋ ਗਿਆ ਤਾਂ ਉਹ ਪਾਬੰਦੀਆਂ ਵੀ ਚੱਕੀਆਂ ਜਾਣਗੀਆਂ।

ਇਸ ਪਿਛੋਂ ਬੀ ਸੀ ਫੈਡਰੇਸ਼ਨ ਆਫ ਲੇਬਰ ਦੇ ਸਕੱਤਰ, ਕਲਿੱਫ ਐਂਡਸਟੀਨ ਨੇ ਸਪੀਚ ਦਿੱਤੀ ਜਿਸ ਵਿਚ ਉਨ੍ਹਾਂ ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੀਆਂ ਸਰਗਰਮੀਆਂ ਦੀ ਭਰਪੂਰ ਪ੍ਰਸੰਸਾ ਕੀਤੀ ਅਤੇ ਪਹਿਲਾਂ ਵਾਂਗ ਅੱਗੋਂ ਤੋਂ ਵੀ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ।

ਫੌਰੈਸਟਰੀ ਵਿਭਾਗ ਵਿਚ ਕੰਮ ਕਰਦੀ ਇਕ ਔਰਤ-ਕਾਮੇ ਸ਼ਾਓਵਿਕ ਫੈਰਨ ਨੇ ਆਪਣੀ ਸੰਖੇਪ ਤਕਰੀਰ ਵਿਚ ਦੱਸਿਆ ਕਿ ਉਸਨੂੰ ਅਤੇ ਹੋਰ ਕਾਮਿਆਂ ਨੂੰ ਕਿਸ ਤਰ੍ਹਾਂ ਖਤਰਨਾਕ ਪੈਸਟੀਸਾਈਡਾਂ ਦੀ ਚੱਕ ਧਰ ਅਤੇ ਉਲੱਦ-ਪਲੱਦ ਕਰਨੀ ਪੈਂਦੀ ਹੈ। ਇਹਨਾਂ ਪੈਸਟੀਸਾਈਡਾਂ ਨਾਲ ਕੈਂਸਰ ਹੋਣ ਦੀ ਸੰਭਾਵਨਾ ਕਈ ਗੁਣਾਂ ਵੱਧ ਜਾਂਦੀ ਹੈ। ਹੁਣ ਤੱਕ ਚਾਰ ਕਾਮਿਆਂ ਨੂੰ ਕੈਂਸਰ ਹੋ ਚੁੱਕਾ ਹੈ।

ਅੰਤ ਉਤੇ ਇਸ ਸ਼ਾਮ ਦਾ ਮੁਖ ਭਾਸ਼ਨ, ਕੈਲੇਫੋਰਨੀਆਂ ਤੋਂ ਵਿਸ਼ੇਸ਼ ਤੌਰ ਉਤੇ ਪ੍ਰੋਗਰਾਮ ਲਈ ਆਈ ਡਾਕਟਰ ਮੇਰੀਅਨ ਮੋਜ਼ਜ਼ ਨੇ ਦਿੱਤਾ। ਮੇਰੀਅਨ ਮੋਜ਼ਜ਼ ਕੈਲੇਫੋਰਨੀਆਂ ਵਿਚ ਖੇਤ ਮਜ਼ਦੂਰਾਂ ਦੀਆਂ ਸਿਹਤ ਸਮੱਸਿਆਵਾਂ ਅਤੇ ਪੈਸਟੀਸਾਈਡਾਂ ਦੀ ਮਾਹਰ ਹੈ। ਮੇਰੀਅਨ ਨੇ ਕੈਲੇਫੋਰਨੀਆਂ, ਕੈਨੇਡਾ ਅਤੇ ਵਿਸ਼ੇਸ਼ ਕਰਕੇ ਬੀ ਸੀ ਦੇ ਖੇਤ ਮਜ਼ਦੂਰਾਂ ਬਾਰੇ ਵਿਸਥਾਰ ਨਾਲ ਗੱਲਬਾਤ ਕੀਤੀ। ਉਹਨਾਂ ਦੱਸਿਆ ਕਿ ਖੇਤਾਂ ਵਿਚ ਵਰਤੀਆਂ ਜਾਂਦੀਆਂ ਜ਼ਹਿਰੀਲੀਆਂ ਦਵਾਈਆਂ ਨਾਲ ਕੇਵਲ ਖੇਤ ਮਜ਼ਦੂਰਾਂ ਉਤੇ ਹੀ ਨਹੀਂ ਸਗੋਂ ਆਮ ਲੋਕਾਂ ਦੀ ਸਿਹਤ ਉਤੇ ਵੀ ਭੈੜੇ ਅਸਰ ਪੈ ਸਕਦੇ ਹਨ। ਇਹਨਾਂ ਦਵਾਈਆਂ ਦੇ ਅਸਰ ਕਈ ਕਿਸਮ ਦੇ ਕੈਂਸਰ ਉਪਜਾ ਸਕਦਾ ਹੈ। ਪੈਸਟੀਸਾਈਡਾਂ ਦੇ ਮਾਰੂ ਅਸਰ ਹੇਠ ਆਈਆਂ ਕਈ ਗਰਭਵਤੀ ਔਰਤਾਂ ਦੇ ਬੱਚੇ ਅੱਧੇ ਅਧੂਰੇ ਜੰਮੇ ਹਨ — ਕੋਈ ਇਕ ਲੱਤ ਵਾਲਾ ਕੋਈ ਇਕ ਹੱਥ ਵਾਲਾ। ਉਸਨੇ ਬੀ ਸੀ ਦੇ ਖੇਤ ਮਜ਼ਦੂਰਾਂ ਦੀਆਂ ਹਾਲਤਾਂ ਉਤੇ ਚਿੰਤਾ ਪ੍ਰਗਟ ਕੀਤੀ ਪਰ ਨਾਲ ਹੀ ਖੇਤ ਮਜ਼ਦੂਰਾਂ ਦੇ ਘੋਲਾਂ ਦੀ ਸਰਾਹਣਾ ਵੀ ਕੀਤੀ।

ਚਰਨਪਾਲ ਗਿੱਲ ਨੇ ਅੰਗਰੇਜ਼ੀ ਸਪੀਚਾਂ ਦੇ ਨਾਲ ਨਾਲ ਪੰਜਾਬੀ ਵਿਚ ਸੰਖੇਪ ਅਨੁਵਾਦ ਕੀਤਾ।

ਇਸ ਪਿਛੋਂ ਪ੍ਰੋਗਰਾਮ ਵਿਚ ਸ਼ਾਮਲ ਸਰੋਤਿਆਂ ਨੇ ਖਾਣਾ ਖਾਧਾ ਜੋ ਹਰ ਸਾਲ ਵਾਂਗ ਇਸ ਵਾਰ ਵੀ India's Finest Catering Services ਵੱਲੋਂ ਤਿਆਰ ਕੀਤਾ ਗਿਆ ਸੀ ਅਤੇ ਪਹਿਲਾਂ ਵਾਂਗ ਹੀ ਉਹਨਾਂ ਵਲੋਂ ਸਾਰਾ ਕੰਮ ਫਰੀ ਕੀਤਾ ਗਿਆ ਸੀ। ਯੂਨੀਅਨ ਵਲੋਂ ਉਹਨਾਂ ਦਾ ਅਤੇ ਹੋਰ ਸਾਰੇ ਵਲੰਟੀਅਰ ਦੋਸਤਾਂ ਦਾ ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਪ੍ਰੋਗਰਾਮ ਨੇਪਰੇ ਚਾੜ੍ਹਿਆ ਸੀ, ਧੰਨਵਾਦ ਕੀਤਾ ਗਿਆ।

ਪੰਜਾਬੀ ਆਰਟਸ ਐਸੋਸੀਏਸ਼ਨ ਰਿਚਮੰਡ ਨੇ ਢੋਲ ਦੀ ਤਾਲ ਉਤੇ ਭੰਗੜਾ ਪੇਸ਼ ਕੀਤਾ ਜਿਸ ਨਾਲ ਸਰੋਤਿਆਂ ਦੇ ਮੂਡ ਵਿਚ ਪਰਿਵਰਤਨ ਆ ਗਿਆ। ਭੰਗੜੇ ਪਿਛੋਂ ਜਿੰਜਰ ਗਰੁੱਪ ਵਲੋਂ ਅੰਗਰੇਜ਼ੀ ਸੰਗੀਤ ਸ਼ੁਰੂ ਹੋਇਆ ਜਿਸ ਨਾਲ ਮੇਜਾਂ ਤੇ ਬੈਠੇ ਸਰੋਤਿਆਂ ਦੇ ਪੱਬਾਂ ਨੂੰ ਥਿਰਕਣ ਮਹਿਸੂਸ ਹੋਣ ਲੱਗੀ। ਕੁਝ ਮਿੰਟਾਂ ਵਿਚ ਹੀ ਸਟੇਜ ਦੇ ਮੂਹਰੇ ਵਾਲੀ ਥਾਂ ਨੱਚਣ ਵਾਲਿਆਂ ਨਾਲ ਭਰ ਗਈ। ਮਾਹੌਲ ਫੈਸਟੀਵਲ ਵਰਗਾ ਹੋ ਗਿਆ — ਜਿਸ ਵਿਚ ਕੁਝ ਲੋਕ ਨੱਚ ਰਹੇ ਸਨ ਤੇ ਕੁਝ ਆਪਸੀ ਗੱਲਾਂ ਵਿਚ ਰੁੱਝੇ ਹੋਏ ਸਨ।

ਇਹ ਕਾਮਯਾਬ ਪ੍ਰੋਗਰਾਮ ਲਈ ਫਾਰਮ ਵਰਕਰਜ਼ ਯੂਨੀਅਨ ਤੇ ਉਸਦੇ ਸਹਿਯੋਗੀ ਵਧਾਈ ਦੇ ਪਾਤਰ ਹਨ। ਇਹ ਯੂਨੀਅਨ ਕੈਨੇਡਾ ਭਰ ਦੇ ਖੇਤ ਮਜ਼ਦੂਰਾਂ ਲਈ ਹੈ। ਬੀ. ਸੀ. ਵਿਚ ਖੇਤ ਮਜ਼ਦੂਰ ਬਹੁਗਿਣਤੀ ਵਿਚ ਇੰਡੋ ਕੈਨੇਡੀਅਨ ਹਨ, ਯੂਨੀਅਨ ਲੀਡਰ ਅਤੇ ਬੀ ਸੀ ਦੇ ਬਹੁਗਿਣਤੀ ਫਾਰਮਰ ਵੀ ਇੰਡੋ ਕਨੇਡੀਅਨ ਹਨ। ਇਸ ਲਈ ਇੰਡੋ ਕਨੇਡੀਅਨ ਕਮਿਊਨਿਟੀ ਦਾ ਵਿਸ਼ੇਸ਼ ਤੌਰ ਉਤੇ ਫਰਜ਼ ਬਣਦਾ ਹੈ ਕਿ ਉਹ ਇਸ ਯੂਨੀਅਨ ਨੂੰ ਵੱਧ ਤੋਂ ਵੱਧ ਉਤਸ਼ਾਹਿਤ ਕਰੇ ਅਤੇ ਉਸਦੇ ਉਦੇਸ਼ਾਂ ਅਤੇ ਕਾਰਜਾਂ ਦੀ ਪੂਰਤੀ ਲਈ ਸਹਾਇਤਾ ਦੇਵੇ। ਇਸ ਵਿਚ ਸਾਰਿਆਂ ਦੀ ਭਲਾਈ ਹੈ : ਖੇਤਾਂ ਵਿਚ ਫਲ ਅਤੇ ਸਬਜ਼ੀਆਂ ਉਗਾਉਣ ਵਾਲਿਆਂ ਦੀ ਵੀ ਅਤੇ ਮੇਜਾਂ ਤੇ ਬੈਠ ਕੇ ਫਲ ਅਤੇ ਸਬਜ਼ੀਆਂ ਖਾਣ ਵਾਲਿਆਂ ਦੀ ਵੀ।

ਅਜਮੇਰ ਰੋਡੇ

ਫਿਲਸਤੀਨ ਦੇ ਆਜ਼ਾਦ ਰਾਜ ਦਾ ਐਲਾਨ

ਅਲਜਾਇਰਜ਼ — ਫਿਲਸਤੀਨ ਲਿਬਰੇਸ਼ਨ ਔਰਗੇਨਾਈਜੇਸ਼ਨ (PLO) ਦੀ ਜਲਾਵਤਨ ਪਾਰਲੀਮੈਂਟ ਨੇ ਆਪਣੇ ਆਜ਼ਾਦ ਦੇਸ਼ ਦੀ ਸਥਾਪਨਾ ਨੂੰ ਨਵਾਂ ਰੂਪ, ਉਸ ਸਮੇਂ ਦੇ ਦਿੱਤਾ ਜਦੋਂ ਉਸ ਨੇ ਆਪਣੀ ਆਜ਼ਾਦ ਰਿਆਸਤ ਦਾ ਐਲਾਨ ਕਰ ਦਿੱਤਾ। ਇਸ ਐਲਾਨ ਕਰਨ ਦੇ ਨਾਲ ਉਨ੍ਹਾਂ ਨੇ ਅਸਰਾਈਲ ਦੀ ਹੋਂਦ ਨੂੰ ਵੀ ਮੰਨ ਲਿਆ ਹੈ ਜੋ ਕਿ ਯੂ. ਐਨ. ਓ. ਦੇ 242 ਨੰਬਰ ਮਤੇ ਵਿਚੋਂ ਮੰਨੀ ਗਈ ਹੈ।

ਯਾਦ ਰਹੇ ਕਿ ਫਿਲਸਤੀਨੀਆਂ ਦੇ ਦੇਸ਼ ਉਪਰ 1948 ਨੂੰ ਅਮਰੀਕਾ-ਇੰਗਲੈਂਡ ਅਤੇ ਹੋਰਨਾਂ ਸਾਮਰਾਜੀ ਦੇਸ਼ਾਂ ਦੀ ਸਹਾਇਤਾ ਨਾਲ ਜਰਮਨ ਅਤੇ ਹੋਰ ਯੂਰਪੀ ਦੇਸ਼ਾਂ ਤੋਂ ਨਿਕਲੇ ਯਹੂਦੀਆਂ ਦਾ ਕਬਜ਼ਾ ਕਰਵਾ ਦਿੱਤਾ ਗਿਆ ਸੀ। ਫਿਲਸਤੀਨੀ ਲੋਕਾਂ ਦਾ ਕਤਲੇਆਮ ਕਰਦੇ ਹੋਏ ਇਨ੍ਹਾਂ ਯਹੂਦੀਆਂ ਨੇ ਫਿਲਸਤੀਨੀਆਂ ਨੂੰ ਮੁਲਕ ਵਿਚ ਬਾਹਰ ਕੱਢ ਦਿੱਤਾ ਸੀ ਜੋ ਕਿ ਲਾਗੇ ਦੇ ਦੇਸ਼ ਲਿਬਨਾਨ, ਸੀਰੀਆ, ਯਾਰਡਨ ਆਦਿ ਥਾਵਾਂ ਵਿਚ ਕੈਂਪਾਂ ਵਿਚ ਹਾਲੇ ਤੱਕ ਰਹਿ ਰਹੇ ਹਨ।

ਫਿਲਸਤੀਨੀਆਂ ਦੇ ਨੌਜੁਆਨਾਂ ਨੇ ਦੇਸ਼ ਨੂੰ ਮੁੜ ਤੋਂ ਪ੍ਰਾਪਤ ਕਰਨ ਲਈ ਜੋ ਹਥਿਆਰਬੰਦ ਸੰਘਰਸ਼ ਅਰੰਭ ਕੀਤਾ ਸੀ ਉਸ ਨੂੰ ਪੱਛਮੀ ਦੇਸ਼ਾਂ ਤੋਂ ਬਿਨਾਂ ਸਾਰੀ ਦੁਨੀਆਂ ਨੇ ਮਾਨਤਾ ਦਿੱਤੀ ਹੋਈ ਹੈ। ਅਮਰੀਕਾ ਨੇ ਇਸਰਾਈਲ ਨੂੰ ਹਥਿਆਰਬੰਦ ਕਰਕੇ, ਅਰਬ ਦੇਸ਼ਾਂ ਉਪਰ ਜਮਦੂਤ ਬਣਾ ਕੇ ਬਿਠਾਇਆ ਹੋਇਆ ਹੈ।

1983 ਵਿਚ ਫਿਲਸਤੀਨੀਆਂ ਦੇ ਕੈਂਪਾਂ ਉਪਰ ਲਿਬਨਾਨ ਵਿਚ ਇਸਰਾਈਲ ਨੇ ਫੌਜੀ ਹਮਲਾ ਕਰ ਦਿੱਤਾ। ਹਜ਼ਾਰਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। P.L.O. ਨੂੰ ਮਜ਼ਬੂਰ ਕਰ ਦਿੱਤਾ ਕਿ ਉਹ ਲਿਬਨਾਨ ਛੱਡ ਜਾਵੇ। ਉਸ ਸਮੇਂ ਤੋਂ P.L.O. ਬਦੇਸ਼ਾਂ ਵਿਚ ਧੱਕੇ ਖਾ ਰਹੀ ਹੈ। ਪਰ ਉਸ ਨੂੰ ਸੰਸਾਰ ਦੇ ਸਾਰੇ ਦੇਸ਼ਾਂ ਦੇ ਲੋਕਾਂ ਦੀ ਹੀ ਹਮਾਇਤ ਹਾਸਲ ਹੈ ਭਾਵੇਂ ਕਿ ਉਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਉਸ ਨੂੰ ਨਾ ਹੀ ਮੰਨਦੀਆਂ ਹੋਣ।

ਫਿਲਸਤੀਨ ਦੀ ਆਜ਼ਾਦੀ ਦੇ ਐਲਾਨ ਹੋਣ ਦੇ ਨਾਲ ਹੀ, ਯਾਰਡਨ ਨਦੀ ਦੇ ਪੱਛਮੀ ਕੰਢੇ ਅਤੇ ਗਾਜ਼ਾ ਪੱਟੀ ਉਪਰ ਰਹਿ ਰਹੇ ਫਿਲਸਤੀਨੀਆਂ ਨੂੰ ਖੁਸ਼ੀ ਮਨਾਉਣ ਤੋਂ ਰੋਕਣ ਲਈ ਫਿਲਸਤੀਨੀ ਮਿਲਟਰੀ ਨੇ ਕਰਫੀਊ ਲਾ ਦਿੱਤਾ ਹੈ। ਇਹ ਇਲਾਕੇ ਇਸਰਾਈਲ ਨੇ 1967 ਦੀ ਜੰਗ ਤੋਂ ਪਿਛੋਂ ਕਬਜ਼ੇ ਹੇਠ ਕਰ ਲਏ ਸਨ।

ਅਰਬ ਦੇਸ਼ਾਂ ਨੇ ਨਵੀਂ ਆਜ਼ਾਦ ਰਿਆਸਤ ਦੇ ਐਲਾਨ ਦਾ ਸੁਆਗਤ ਕੀਤਾ ਹੈ ਜੋ ਕਿ ਯਾਰਡਨ ਨਦੀ ਦੇ ਪੱਛਮੀ ਕੰਢੇ ਅਤੇ ਗਾਜ਼ਾ ਵਿਚ ਕਾਇਮ ਹੋਣੀ ਐਲਾਨ ਕੀਤੀ ਗਈ ਹੈ ਜਿਸਦੀ ਰਾਜਧਾਨੀ ਯੂਰੋਸ਼ਲਮ ਹੋਵੇਗੀ।

ਫਿਲਸਤੀਨੀ ਪਾਰਲੀਮੈਂਟ ਨੇ ਮਧ ਪੂਰਬ ਲਈ ਇਸ ਐਲਾਨ ਨੂੰ ਨਵੇਂ ਯੁਗ ਦਾ ਆਰੰਭ ਕਿਹਾ ਹੈ। ਇਸ ਦੀ ਹੋਂਦ ਨੂੰ ਸਿਰੇ ਚਾੜ੍ਹਨ ਲਈ ਕੌਮਾਂਤਰੀ ਕਾਨਫਰੰਸ ਦੀ ਵੀ ਮੰਗ ਕੀਤੀ ਗਈ ਹੈ।

'ਕੈਨੇਡਾ ਦਰਪਣ' ਆਪ ਪੜ੍ਹੋ ਤੇ ਦੂਜਿਆਂ ਨੂੰ ਪੜ੍ਹਨ ਲਈ ਪਰੇਰੋ

ਕੈਨੇਡਾ-ਅਮਰੀਕਾ ਵਿਚਕਾਰ ਫਰੀ ਟਰੇਡ ਸਮਝੌਤਾ

ਕਿਸ਼ਤ ਨੰ: 2

ਗੁਰਨਾਮ ਸਿੰਘ ਸੰਘੇੜਾ

"ਸਾਨੂੰ ਉਹ ਹਰ ਚੀਜ਼ ਮਿਲ ਗਈ, ਜੋ ਚਾਹੁੰਦੇ ਸੀ"— ਅਮਰੀਕੀ ਸਮਝੌਤਾਕਾਰ। ਇਹ ਸਮਝੌਤਾ ਵੱਡੇ ਵਪਾਰੀਆਂ ਅਤੇ ਅਮਰੀਕਾ ਲਈ ਲਾਹੇਬੰਦ ਹੈ। ਕੈਨੇਡਾ ਦਾ ਅੱਸੀ ਫੀ ਸਦੀ ਵਪਾਰ ਤਾਂ ਪਹਿਲਾਂ ਹੀ ਅਮਰੀਕਾ ਨਾਲ ਟੈਕਸ ਅਤੇ ਡਿਊਟੀ ਤੋਂ ਫਰੀ ਹੈ ਅਤੇ ਇਹ ਸਮਝੌਤਾ ਬਾਕੀ ਦੇ 20 ਫੀਸਦੀ ਨੂੰ ਫਰੀ ਕਰਨਾ ਚਾਹੁੰਦਾ ਹੈ। ਕੀ ਕੈਨੇਡਾ ਦਾ ਭਵਿਖ ਆਪ ਤੋਂ ਤਕੜੇ, ਸਾਮਰਾਜ ਦੇ ਲੋਟੂ ਮੁਖੀ ਅਤੇ ਦੁਨੀਆਂ ਦੇ ਸਭ ਤੋਂ ਵੱਡੇ ਕਰਜ਼ਈ ਨਾਲ ਬੰਨਣਾ ਚਾਹੁੰਦੇ ਹੋ? ਆਉ ਬਾਕੀ ਦੇ ਪੱਖ ਭੀ ਅਤੀ ਸੰਖੇਪ ਢੰਗ ਨਾਲ ਵੇਖੀਏ।

ਕੈਨੇਡਾ ਦੇ ਸੋਸ਼ਲ ਪ੍ਰੋਗਰਾਮ ਤੇ ਸਮਾਜਿਕ ਸੇਵਾਵਾਂ ਨੂੰ ਖਤਰਾ ਹੈ। ਇਹ ਤਾਂ ਆਮ ਰਾਏ ਹੈ ਕਿ ਕੈਨੇਡਾ ਅਮਰੀਕਾ ਦੇ ਰਹਿਮੋ ਕਰਮ ਤੇ ਹੈ। ਅਤੇ ਫਰੀ ਟਰੇਡ ਸਮਝੌਤੇ ਰਾਹੀਂ ਤਾਂ ਸਾਰੀ ਵੈਲਫੇਅਰ ਸਟੇਟ ਨੂੰ ਹੀ ਖਤਰਾ ਹੈ। ਮਾਹਰਾਂ ਦੇ ਵਿਚਾਰ ਹਨ ਕਿ ਇਸ ਨਾਲ ਕੈਨੇਡਾ ਤਾਂ ਅਮਰੀਕਾ ਦਾ ਖਿਡੌਣਾ ਜਾਂ ਨੌ-ਆਬਾਦੀ ਵਰਗਾ ਹੀ ਹੋ ਸਕਦਾ ਹੈ। ਅਮਰੀਕੀ ਪ੍ਰਧਾਨ ਰੌਨਲਡ ਰੇਗਨ ਨੇ ਤਾਂ ਆਖਿਆ ਹੈ ਕਿ ਇਸ ਸਮਝੌਤੇ ਰਾਹੀਂ ਇਹ ਇਕ ਨਵਾਂ ਆਰਥਕ ਵਿਧਾਨ ਹੋਵੇਗਾ। ਇਸ ਸਮਝੌਤੇ ਰਾਹੀਂ ਦੋਹਾਂ ਦੇਸ਼ਾਂ ਵਿਚ ਇਕਸਾਰਤਾ ਲਿਆਉਣ ਲਈ ਅਮਰੀਕਾ ਤੇ ਉਸ ਦੇ ਧਨੀ ਜ਼ੋਰ ਪਾਉਣਗੇ ਕਿ ਕੈਨੇਡਾ ਦੀਆਂ ਪਬਲਿਕ ਸਰਭ ਵਿਆਪੀ ਸਮਾਜਿਕ ਸੇਵਾਵਾਂ ਨੂੰ ਪ੍ਰਾਈਵੇਟ ਕੀਤਾ ਜਾਏ, ਘਟਾਇਆ ਜਾਏ ਅਤੇ ਪ੍ਰਾਈਵੇਟ ਕੀਤੀਆਂ ਜਾਣ। ਕਿਉਂਕਿ ਅਮਰੀਕਾ ਵਿਚ ਉਹ ਘੱਟ, ਨੀਵੀਂ ਪੱਧਰ ਉਪਰ ਅਤੇ ਪ੍ਰਾਈਵੇਟ ਹੱਥਾਂ ਵਿਚ ਹਨ। ਉਹ ਹਨ ਡਾਕਟਰੀ ਸੇਵਾਵਾਂ, ਹਸਪਤਾਲਾਂ ਦਾ ਪ੍ਰਬੰਧ, ਡੇਅ ਕੇਅਰ (ਬੱਚਿਆਂ ਲਈ), ਬੱਚਿਆਂ ਲਈ ਫੈਮਿਲੀ ਭੱਤਾ, ਪੈਨਸ਼ਨ ਪਲੈਨ ਅਤੇ ਬੇ-ਰੁਜ਼ਗਾਰੀ ਭੱਤਾ ਆਦਿ। ਕਿਸੇ ਭੀ ਸਰਕਾਰੀ ਗਰਾਂਟ ਤੇ ਛੋਟ ਵਾਲੀ ਚੀਜ਼ ਦੇ ਵਿਰੁਧ ਅਮਰੀਕਾ ਰੋਸ ਕਰਕੇ ਅਮਰੀਕਨ ਟਰੇਡ ਕਾਨੂੰਨ ਲਾਗੂ ਕਰਨ ਲਈ ਆਖ ਸਕਦਾ ਹੈ ਜਾਂ ਗਰਾਂਟ ਤੇ ਰਿਆਇਤਾਂ ਦੇ ਖਾਤਮੇ ਲਈ ਅਪੀਲ ਕਰ ਸਕਦਾ ਹੈ। ਅਮਰੀਕਾ ਚਾਹੇਗਾ ਕਿ ਇਹਨਾਂ ਦਾ ਖਾਤਮਾ ਤੇ ਪ੍ਰਾਈਵੇਟ ਹੋਣ। ਹਸਪਤਾਲਾਂ ਦੇ ਪ੍ਰਬੰਧ ਨੂੰ ਮੁਨਾਫੇ ਲਈ ਚਲਾਉਣ ਵੱਲ ਲਿਜਾਏਗਾ ਅਤੇ ਆਪਣੀ ਵਰਕ ਫੋਰਸ ਰਾਹੀਂ ਕੰਮ ਕਰਾਉਣ ਲਈ ਹਰ ਖੇਤਰ ਵਿਚ ਬੋਲੀ ਦੇਵੇਗਾ ਤੇ ਠੇਕੇ ਲਵੇਗਾ। ਇਹ ਸਭ ਕੁਝ ਸਮਝੌਤੇ ਦੇ ਚੌਦਵੇਂ ਚੈਪਟਰ ਅਤੇ ਜ਼ਮੀਮੇ ਵਿਚ ਹੈ।

ਇਸ ਸਮਝੌਤੇ ਰਾਹੀਂ ਸੂਬਿਆਂ ਦੇ ਕਈ ਅਧਿਕਾਰ ਕੇਂਦਰ ਨੇ ਆਪਣੇ ਹੱਥ ਵਿਚ ਲੈ ਕੇ, ਸੂਬਿਆਂ ਉਪਰ ਅਮਰੀਕੀ ਲਾਭਾਂ ਦੀਆਂ ਗੱਲਾਂ ਲੱਦ ਦਿੱਤੀਆਂ ਹਨ ਸਮਝੌਤੇ ਦੀ 103 ਧਾਰਾ ਰਾਹੀਂ ਕੇਂਦਰ ਸੂਬਿਆਂ ਤੋਂ ਸਮਝੌਤਾ ਲਾਗੂ ਕਰਵਾਏ (ਭਾਵੇਂ ਇਹ ਸਮਝੌਤਾ ਸੂਬਿਆਂ ਦੀ ਖੁਦ ਮੁਖਤਾਰੀ ਦੇ ਖੇਤਰ ਨੂੰ ਭੰਗ ਕਰਦਾ ਹੋਵੇ)। ਸਮਝੌਤੇ ਦੀ 2104 ਧਾਰਾ ਰਾਹੀਂ ਸਮਝੌਤੇ ਵਿਚ ਕੋਈ ਭੀ ਸੋਧ ਜਾਂ ਵਾਧ ਘਾਟ ਸੂਬਿਆਂ ਨੂੰ ਮੰਨਣੀ ਪਵੇਗੀ। ਇਸ ਹੀ ਤਰ੍ਹਾਂ ਚੈਪਟਰ ਪੰਜ ਰਾਹੀਂ ਹੈ।

ਇਸ ਸਮਝੌਤੇ ਰਾਹੀਂ ਨਵੇਂ ਕੰਮਾਂ ਵਿਚ ਵਾਧੇ ਦਾ ਪ੍ਰਚਾਰ ਹੈ। ਪਰ ਹੁਣ ਤਾਂ ਟੋਰੀ ਸਰਕਾਰ ਆਪ ਹੀ ਵਾਧੇ ਨੰਬਰਾਂ ਤੋਂ ਪਰੇ ਹਟ ਗਈ ਹੈ। ਕੰਮਾਂ ਦੇ ਖੁਸਣ ਤੇ ਰੀ-ਟਰੇਨਿੰਗ ਦੀ ਗੱਲ ਭੀ ਕਹਿੰਦੀ ਹੈ। ਰੀਪੋਰਟਾਂ ਦੱਸਦੀਆਂ ਹਨ ਕਿ ਅਮਰੀਕਨ ਫਰਮਾਂ ਆਪਣੇ ਸਾਰੇ ਮੁਨਾਫੇ ਦਾ ਇਕ-ਤਿਹਾਈ ਤਾਂ ਕੈਨੇਡਾ ਵਿਚੋਂ ਪਿਛਲੇ ਸਾਲ ਲੈ ਗਈਆਂ ਪਰ ਕੰਮਾਂ ਵਿਚ ਵਾਧਾ ਸਿਰਫ ਨਾ-ਮਾਤਰ ਸੀ — ਭਾਵ ਇਕ ਫੀ ਸਦੀ ਦਾ ਦਸਵਾਂ ਹਿੱਸਾ ਨਵੇਂ ਕੰਮ ਪੈਦਾ ਕੀਤੇ। ਸੋ ਇਸ ਸਮਝੌਤੇ ਰਾਹੀਂ ਨਵੇਂ ਕੰਮਾਂ ਵਿਚ ਵਾਧੇ ਦੀ ਕੋਈ ਸੰਭਾਵਨਾ ਨਹੀਂ। 1978 ਤੋਂ 1985 ਤੱਕ ਕੈਨੇਡੀਅਨ ਫਰਮਾਂ ਨੇ 872300 ਨਵੇਂ ਕੰਮ ਪੈਦਾ ਕੀਤੇ ਜਦ ਕਿ ਕੈਨੇਡਾ ਵਿਚ ਬਦੇਸ਼ੀ ਫਰਮਾਂ ਵਿਚੋਂ 23300 ਕੰਮ ਘਟੇ। ਕਈ ਅਮਰੀਕੀ ਫਰਮਾਂ ਨੇ ਕੈਨੇਡੀਅਨ ਸਰਕਾਰ ਤੋਂ ਗਰਾਂਟਾਂ ਭੀ ਲਈਆਂ ਤੇ ਕੰਮ ਭੀ ਘਟਾਏ (ਜਿਵੇਂ ਜਨਰਲ ਅਲੈਕਟ੍ਰਿਕ, ਬਲੈਕ ਐਂਡ ਡੈਕਰ ਆਦਿ)। ਅਮਰੀਕਾ ਦੀਆਂ ਕੈਨੇਡਾ ਵਿਚ ਸ਼ਾਖਾਂ ਦੇ ਉਚ ਕੋਟੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਉਹਨਾਂ ਪਾਸ ਤਾਂ ਕੋਈ ਅਧਿਕਾਰ ਹੀ ਨਹੀਂ। ਸੋ ਸਾਰੇ ਹੱਕ ਅਮਰੀਕਾ ਦੇ ਹੈਡ ਆਫਿਸਾਂ ਵਿਚ ਹਨ।

ਅਮਰੀਕਾ ਆਦਿ ਦੀਆਂ ਫਰਮਾਂ ਤੇ ਸਗੋਂ ਕਈ ਕੈਨੇਡੀਅਨ ਫਰਮਾਂ ਭੀ ਅਮਰੀਕਾ ਵਿਚ ਮੈਕਸੀਕੋ ਨਾਲ ਲਗਦੀ ਸਰਹੱਦ ਤੇ ਚਲੇ ਜਾਣਗੀਆਂ ਤਾਕਿ ਸਸਤੀ ਮਜ਼ਦੂਰੀ ਮਿਲੇ ਤੇ ਕੈਨੇਡਾ ਵਿਚ ਬੇ-ਰੋਕ ਟੋਕ ਵੇਚੇ। ਇਸ ਨਾਲ ਕੈਨੇਡਾ ਵਿਚ ਪੈਸਾ ਲਾਉਣਾ ਤੇ ਮਾਲੀਆ ਆਮਦਨ (ਟੈਕਸਾਂ ਆਦਿ ਤੋਂ) ਘਟੇਗੀ — ਜਿਸ ਦਾ ਸੋਸ਼ਲ ਸੇਵਾਵਾਂ ਤੇ ਪ੍ਰੋਗਰਾਮਾਂ ਤੇ ਅਸਰ ਪਵੇਗਾ।

ਇਸ ਸਮਝੌਤੇ ਦਾ ਕੈਨੇਡੀਅਨ ਖੇਤੀ ਤੇ ਖਾਸ ਫਲਾਂ ਜਿਵੇਂ ਅੰਗੂਰ, (ਇਹਨਾਂ ਤੋਂ ਬਣੀ ਵਾਈਨ), ਸੇਬ ਆਦਿ ਅਤੇ ਮੱਛੀ ਤੇ ਹੋਰ ਇਸ ਨਾਲ ਸੰਬੰਧਤ 54 ਧੰਦਿਆਂ ਤੇ ਅਸਰ ਪਵੇਗਾ। ਮੁਰਗੀਆਂ, ਆਂਡਿਆਂ ਤੇ ਇਹਨਾਂ ਤੋਂ ਬਣੀਆਂ ਚੀਜ਼ਾਂ ਦੀ ਕੈਨੇਡਾ ਵਿਚ ਆਮਦ (ਇਮਪੋਰਟ) ਵਧੇਗੀ। ਕੈਨੇਡਾ ਦੇ ਕਣਕ ਬੋਰਡ ਦੀ ਸ਼ਕਤੀ (ਪਾਵਰ) ਭੀ ਘੱਟ ਜਾਏਗੀ ਜਦੋਂ ਇਸ ਪਾਸੋਂ ਕੈਨੇਡਾ ਵਿਚ ਕਣਕ, ਜੌਂ, ਮੱਕੀ ਅਤੇ ਜਵੀਂ (Oats) ਇਮਪੋਰਟ ਕਰਨ ਦੇ ਲਾਸੰਸ ਦੇਣ ਦੀ ਪਾਵਰ ਖਤਮ ਕਰ ਦਿੱਤੀ ਗਈ। ਕੈਨੇਡਾ ਦੇ ਕਿਸਾਨਾਂ ਨੂੰ ਕੈਨੇਡਾ ਵਿਚ ਵੱਧ ਕੀਮਤ ਦੀ ਖੁੱਲ ਖਤਮ ਹੋਵੇਗੀ। ਕੈਨੇਡਾ ਦੇ ਕਿਸਾਨਾਂ ਨੂੰ ਦਿੱਤੀਆਂ ਜਾਂਦੀਆਂ ਗਰਾਂਟਾਂ ਖਤਮ ਹੋ ਜਾਣਗੀਆਂ ਪਰ ਅਮਰੀਕਾ ਵਿਚ ਅਮਰੀਕੀ ਕਿਸਾਨਾਂ ਨੂੰ ਗਰਾਂਟਾਂ ਦੀ ਖੁੱਲ੍ਹ ਰਹੇਗੀ।

ਕੈਨੇਡਾ ਦੀ ਸਭਿਆਚਾਰਕ ਦਸਤਕਾਰੀ ਨੂੰ ਭੀ ਨੁਕਸਾਨ ਹੋਵੇਗਾ। ਕੈਨੇਡਾ ਵਿਚ ਸਾਰੀਆਂ ਸਭਿਆਚਾਰਕ ਦਸਤਕਾਰੀਆਂ ਨੂੰ ਵਪਾਰਕ ਗਿਣਿਆ ਜਾਵੇਗਾ। ਇਸ ਨਾਲ ਅਮਰੀਕਨ ਫਰਮਾਂ ਨੂੰ ਭੀ ਗਰਾਂਟ ਜਾਂ ਮੱਦਦ ਲੈਣ ਦਾ ਹੱਕ ਹੋਵੇਗਾ। ਫਰਵਰੀ 1987 ਵਿਚ ਕੈਨੇਡਾ ਫਿਲਮ ਲਾਸੰਸ ਬਿਲ ਲਿਆ ਰਿਹਾ ਸੀ ਜਿਸ ਨਾਲ ਵਿਦੇਸ਼ੀ ਫਰਮਾਂ ਵਲੋਂ ਕੈਨੇਡਾ ਵਿਚ ਫਿਲਮਾਂ ਆਦਿ ਵੇਚਣ/ਵੰਡਣ ਤੇ ਕੰਟਰੋਲ ਆਦਿ ਸੀ। ਇਸ ਨਾਲ ਕੈਨੇਡਾ ਦਾ ਮਾਲੀਆ ਆਮਦਨ 20 ਫੀਸਦੀ ਵਧਣੀ ਸੀ। ਪਰ ਅਮਰੀਕਾ ਦੀ ਸੈਨੇਟ ਦੇ ਦਬਾਅ ਥੱਲੇ ਰੋਕ ਦਿੱਤਾ ਗਿਆ। ਕੈਨੇਡਾ ਦੇ ਆਰਟ ਨੂੰ ਕੋਈ ਭੀ ਮਾਇਕ ਮਦਦ ਦੀ ਵਿਰੋਧਤਾ ਕੀਤੀ ਜਾਵੇਗੀ। ਅਮਰੀਕਾ ਦੇ ਪ੍ਰੋਗਰਾਮਾਂ ਦੀ ਭਰਮਾਰ ਹੋ ਜਾਵੇਗੀ ਅਤੇ ਕੈਨੇਡੀਅਨ ਸਭਿਆਚਾਰ ਨੂੰ ਭਾਰੀ ਖਤਰਾ ਹੋਵੇਗਾ। ਅਮਰੀਕਾ ਨੂੰ ਸਰਵਿਸ ਸੈਕਟਰ ਵਿਚ ਹਰ ਲਾਭ ਹੈ। ਕੈਨੇਡਾ ਵਿਚ ਅਮਰੀਕਨ ਫਰਮਾਂ ਨੂੰ ਕੈਨੇਡੀਅਨ ਫਰਮਾਂ ਵਰਗਾ ਕਾਨੂੰਨ ਵਰਤਾ ਮਿਲੇਗਾ। ਇਸ ਰਾਹੀਂ ਅਮਰੀਕਨ ਕੰਮ ਕਰਨ ਵਾਲੇ ਤੇ ਕਿੱਤਾਕਾਰੀ ਕਾਮੇ ਭੀ ਕੈਨੇਡਾ ਵਿਚ ਆ ਸਕਣਗੇ। ਇਸ ਨਾਲ ਟਰੱਸਟ ਤੇ ਬੀਮਾ ਕੰਪਨੀਆਂ ਤੇ ਭੀ ਮਾੜਾ ਅਸਰ ਪਵੇਗਾ। ਟੈਲੀ ਕਮਿਊਨਿਕੇਸ਼ਨ ਦੀ ਸੁਰੱਖਿਆ ਖਤਮ ਹੋਣ ਨਾਲ ਅਮਰੀਕਾ ਨੂੰ ਲਾਭ ਹੋਵੇਗਾ। ਪ੍ਰਸਾਰ ਸਾਧਨਾਂ ਵਿਚ ਅਮਰੀਕਾ ਨੂੰ ਖੁੱਲ੍ਹ ਮਿਲਣ ਨਾਲ ਔਰਤਾਂ ਦੇ ਕੰਮਾਂ ਨੂੰ ਧੱਕਾ ਤੇ ਉਹਨਾਂ ਵਿਚ ਬੇਰੁਜ਼ਗਾਰੀ ਵਧਣ ਦੀ ਸੰਭਾਵਨਾ ਹੈ। ਸਾਰੇ ਸਰਵਿਸ ਸੈਕਟਰ ਨੂੰ ਨੁਕਸਾਨ ਹੈ। ਇਸ ਸੈਕਟਰ ਵਿਚ ਬੈਂਕ, ਬੀਮਾ, ਇਸ਼ਤਿਹਾਰ ਬਾਜ਼ੀ, ਰੀਅਲ ਅਸਟੇਟ, ਟੂਰਿਜ਼ਮ, ਟਰਾਂਸਪੋਰਟ, ਪ੍ਰਸਾਰ, ਥੋਕ ਤੇ ਪਰਚੂਨ ਵਪਾਰ, ਡੀਜ਼ਾਇਨ ਤੇ ਇੰਜਨੀਅਰਿੰਗ, ਕਿੱਤਾਕਾਰੀ (ਪ੍ਰੋਫੈਸ਼ਨਲ) ਸੇਵਾਵਾਂ ਆਦਿ ਸ਼ਾਮਲ ਹਨ।

ਇਸ ਸਮਝੌਤੇ ਵਿਚ "ਅਜ਼ਾਰੇਦਾਰੀ" ਸ਼ਬਦ ਵਰਤਿਆ ਹੈ ਜਿਸ ਦਾ ਭਾਵ ਪਲੈਨ ਜਾਂ ਸਕੀਮ ਹੈ। ਇਸ ਰਾਹੀਂ ਕੈਨੇਡਾ ਵਿਚ ਕੌਮੀ ਪੱਧਰ ਤੇ ਸੇਵਾ ਦੇਣੀ ਹੋ ਸਕਦਾ ਹੈ ਪਰ ਅਮਰੀਕਾ ਵਾਲੇ ਇਸ ਨੂੰ ਅਜ਼ਾਰੇਦਾਰੀ ਸਮਝ ਸਕਦੇ ਹਨ ਸੋ ਜੇ ਕਰ ਕੈਨੇਡੀਅਨ ਸਰਕਾਰ ਸਾਰੇ ਦੇਸ਼ ਵਿਚ ਕਾਰ ਇਨਸ਼ੋਰੈਂਸ ਸਰਕਾਰੀ ਕਰ ਦੇਵੇ ਤੇ ਬੀਮਾ ਘਟਾ ਦੇਵੇ ਤਾਂ 2010 ਧਾਰਾ ਦੇ ਅਨੁਸਾਰ ਅਗਾਊਂ ਨੋਟਿਸ ਦੀ ਲੋੜ ਹੈ। ਨਾਲ ਹੀ ਅਮਰੀਕਨ ਪ੍ਰਾਈਵੇਟ ਕੰਪਨੀਆਂ ਮੁਆਵਜ਼ਾ ਮੰਗ ਸਕਦੀਆਂ ਹਨ ਕਿ ਇਸ ਕੈਨੇਡੀਅਨ ਸਰਕਾਰੀ ਸਕੀਮ ਨਾਲ ਉਹਨਾਂ ਦਾ ਨੁਕਸਾਨ ਹੋਇਆ ਹੈ।

ਕੈਨੇਡਾ ਦੇ ਪ੍ਰਾਈਵੇਟ ਤੇ ਵਪਾਰਕ ਬੋਰਡਾਂ ਉਪਰ ਅਮਰੀਕਨ ਭੀ ਬੈਠਣ ਦਾ ਹੱਕ ਰੱਖਣਗੇ। ਸਮਝੌਤੇ ਦੇ ਸੰਬੰਧ ਵਿਚ ਦੋਹਾਂ ਦੇਸ਼ਾਂ ਵਿਚਕਾਰ ਕਿਸੇ ਭੀ ਝਗੜੇ ਦੇ ਮਸਲੇ ਦੇ ਹੱਲ ਲਈ ਪੰਜ ਬੰਦਿਆਂ ਦਾ ਸਾਂਝਾ ਪੈਨਲ ਹੋਵੇਗਾ। ਇਸ ਪੈਨਲ ਦਾ ਫੈਸਲਾ ਦੋਹਾਂ ਧਿਰਾਂ ਤੇ ਬੰਧਕ ਤੇ ਲਾਗੂ ਹੋਵੇਗਾ। ਇਸ ਤੇ ਕੋਈ ਅਪੀਲ ਨਹੀਂ ਹੋ ਸਕਦੀ। ਸੋ ਭਾਵ ਹੈ ਕਿ ਪ੍ਰਬੰਧਕੀ ਫੈਸਲੇ ਦਾ ਜੁਡੀਸ਼ਲ (ਕਾਨੂੰਨੀ) ਰੀਵੀਊ ਭੀ ਨਹੀਂ ਹੋ ਸਕਦਾ। ਇਸ ਫੈਸਲੇ ਨੂੰ ਲਾਗੂ ਕਰਨ ਦੇ ਢੰਗ ਤਰੀਕਿਆਂ ਦੀ ਕੋਈ ਗੱਲ ਨਹੀਂ ਕੀਤੀ ਗਈ। ਆਮ ਝਗੜਿਆਂ ਬਾਰੇ ਲੰਮੇਂ ਸਮੇਂ ਵਾਲੇ ਮੰਤਵਾਂ ਬਾਰੇ ਪੱਕੇ ਮਕੈਨਿਕੀ ਢੰਗ ਹਨ।

ਚੈਪਟਰ 21 ਤੋਂ ਇਉਂ ਜਾਪਦਾ ਹੈ ਕਿ ਇਸ ਸਮਝੌਤੇ ਨੂੰ ਕਿਸੇ ਭੀ ਪਾਰਟੀ (ਅਮਰੀਕਾ ਜਾਂ ਕੈਨੇਡਾ) ਵਲੋਂ ਛੇ ਮਹੀਨੇ ਦਾ ਨੋਟਿਸ ਦੇ ਕੇ ਤੋੜਿਆ ਜਾ ਸਕਦਾ ਹੈ। ਪਰ ਇਹ ਏਨਾ ਆਸਾਨ ਨਹੀਂ। ਅਮਰੀਕਾ ਵਾਲੇ ਕੈਨੇਡਾ ਤੋਂ ਕੋਈ ਗੱਲ ਮਨਾਉਣ ਲਈ ਸਮਝੌਤੇ ਨੂੰ ਤੋੜਨ ਦੀ ਧਮਕੀ ਦੇ ਸਕਦੇ ਹਨ। ਜਦੋਂ ਇਹ ਸਮਝੌਤਾ ਜਨਵਰੀ 1989 ਤੋਂ ਲਾਗੂ ਹੋ ਗਿਆ ਤਾਂ ਕੈਨੇਡਾ ਦਾ ਸਾਰਾ ਵਰਤਾਰਾ ਤੇ ਢਾਂਚਾ ਤਾਂ ਅਮਰੀਕਾ ਵਲ ਨੂੰ ਹੋਰ ਝੁਕ ਚੁਕਾ ਹੋਵੇਗਾ। ਫਿਰ ਤੋੜਨਾ ਭੀ ਔਖਾ ਹੈ। ਲੋੜ ਹੈ ਕਿ ਆਖਰੀ ਮਨਜ਼ੂਰੀ ਦੇਣ ਤੋਂ ਪਹਿਲਾਂ ਇਸ ਸਮਝੌਤੇ ਨੂੰ ਚੰਗੀ ਤਰ੍ਹਾਂ ਸਮਝੋ ਤੇ ਇਸ ਦੀ ਵਿਰੋਧਤਾ ਕਰੋ।

ਟੋਰੀ ਪਾਰਟੀ ਤਾਂ ਬੇ-ਸਬਰੀ ਨਾਲ ਇਸ ਸਮਝੌਤੇ ਨੂੰ ਲਾਗੂ ਚਾਹੁੰਦੀ ਹੈ। ਲਿਬਰਲ ਪਾਰਟੀ ਸਮਝੌਤੇ ਨੂੰ ਪਾੜਨ ਦੇ ਦਮਗਜੇ ਮਾਰਦੀ ਹੈ, ਪਰ ਲਿਬਰਲ ਪਾਰਟੀ ਨੇ ਭੀ ਅਮਰੀਕਾ ਨਾਲ ਫਰੀ ਟਰੇਡ ਰਖਣੀ ਹੈ। ਮਾੜੀ ਮੋਟੀ ਬਦਲੀ ਭਾਵੇਂ ਹੋਵੇ। ਇਸ ਹੀ ਤਰ੍ਹਾਂ ਐਨ. ਡੀ. ਪੀ. ਫਰੀ ਟਰੇਡ ਦੀ ਵਿਰੋਧਤਾ ਕਰਦੀ ਹੈ। ਭਾਵੇਂ ਐਨ. ਡੀ. ਪੀ. ਇਥੇ ਦੀ ਟੋਰੀ ਪਾਰਟੀ ਤੇ ਉਸ ਦੀ ਸਰਕਾਰ ਤੋਂ ਚੰਗੀ ਹੈ ਪਰ ਇਸ ਦੀਆਂ ਨੀਤੀਆਂ ਭੀ ਸਰਮਾਏਦਾਰੀ ਪ੍ਰਬੰਧ ਲਈ ਤੇ ਇਸ ਹੀ ਚੌਖਟੇ ਵਿਚ ਰੱਖਣ ਲਈ ਹੈ। ਇਸ ਦੇ ਕਈ ਮੌਕਾਪ੍ਰਸਤੀ ਵਾਲੇ ਕੰਮ ਹਨ। ਕਈ ਕੁੰਜੀਵਤ ਮਸਲਿਆਂ ਤੇ ਐਨ. ਡੀ. ਪੀ. ਚੁਪ ਕਰ ਰਹਿੰਦੀ ਰਹੀ ਹੈ। ਕੈਨੇਡੀਅਨ ਵਿਧਾਨ ਵਿਚ ਬਦਲੀ ਲਈ ਮੀਚ ਲੇਕ ਸਮਝੌਤੇ ਦੀ ਮੱਦਦ ਕੀਤੀ ਜੋ ਗਲਤ ਸੀ। ਮੀਚਲੇਕ ਸਮਝੌਤੇ ਦਾ ਸੋਸ਼ਲ ਪ੍ਰੋਗਰਾਮਾਂ ਤੇ ਮਾੜਾ ਅਸਰ ਹੈ ਤੇ ਕੈਨੇਡੀਅਨ ਮਨੁੱਖੀ ਹੱਕਾਂ ਨੂੰ ਕਮਜ਼ੋਰ ਕਰਦਾ ਹੈ। ਇਸ ਦਾ ਫਰੀ ਟਰੇਡ ਤੇ ਭੀ ਅਸਰ ਹੈ। ਪਰ ਟੋਰੀ ਤੇ ਲਿਬਰਲ ਨਾਲੋਂ ਚੰਗੀ ਹੈ ਤੇ ਕਾਫੀ ਭਾਰਤੀ ਇਸ ਦੇ ਸਮਰਥਕ ਹਨ।

ਇਹ ਫਰੀ ਟਰੇਡ ਦਾ ਸਮਝੌਤਾ ਕੈਨੇਡਾ, ਇਸ ਦੀ ਪ੍ਰਭੁਸੱਤਾ (ਆਜ਼ਾਦੀ) ਅਤੇ ਆਮ ਲੋਕਾਂ ਲਈ ਬਹੁਤ ਹੀ ਹਾਨੀਕਾਰਕ ਹੈ। ਸੋ ਇਸ ਸਮਝੌਤੇ ਦੀ ਡਟ ਕੇ ਵਿਰੋਧਤਾ ਕਰੋ। ਇਸ ਸਮਝੌਤੇ ਨੂੰ ਸਿੱਧੇ ਤੌਰ ਤੇ ਖਤਮ ਕਰਨ ਵਾਲੀਆਂ ਸ਼ਕਤੀਆਂ ਦਾ ਸਾਥ ਦਿਉ। ਕੈਨੇਡਾ ਨੂੰ ਅਮਰੀਕਾ ਤੋਂ ਬਚਾਉ।

ਭਾਰਤ ਵਿਚ ਜਵਾਹਰ ਲਾਲ ਨਹਿਰੂ ਸ਼ਤਾਬਦੀ ਸਮਾਰੋਹ

ਨਵੀਂ ਦਿੱਲੀ — ਖਬਰ ਹੈ ਕਿ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਮਰਹੂਮ ਸ੍ਰੀ ਜਵਾਹਰ ਲਾਲ ਨਹਿਰੂ ਦੀ ਨੜਿਨਵੀਂ ਜਨਮ ਸ਼ਤਾਬਦੀ ਦੇ ਸਮੇਂ ਮੁਖ ਸਮਾਰੋਹ ਦਿੱਲੀ ਵਿਚ ਕੀਤਾ ਗਿਆ। ਉਨ੍ਹਾਂ ਦੀ ਸਮਾਧੀ ਉਤੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਹੋਰ ਪ੍ਰਤਿਸ਼ਠਤ ਲੋਕਾਂ ਨੇ ਫੁੱਲ ਚੜ੍ਹਾਏ।



ਸੁਨਿਆਰ ਦੀ ਠੱਕ ਠੱਕ ਤੇ ਲੁਹਾਰ

ਆਲ ਇੰਡੀਅ

ALL IND

6634 Main St.,

Ph. (604)

ਫਿਜ਼ੀ ਦੇ ਲੰਬੇ ਬਤਾਊਂ

98¢ lb.

ਬਾਸਮਤੀ ਚੌਲ **59¢** lb.

ਫਰੀਨ ਆਟਾ

Farine Atta

$4.95 10 KG

Limit

ਨਵਾਬ ਚਾਹ

Nabob Tea Deluxe

(limit) **$2**

ਗੋਲਡਨ ਟੈਂਪਲ ਆਟਾ

10.99 2x10 KG.

ਤਾਜ਼ਾ ਚਿ

'FRESH' CHICKE

LEGS

ਰੌਬਿਨਹੁੱਡ ਮੈਦਾ


ROBINHOOD MAIDA **$5.89**

(limit) 10 K.G.

ਬਟਰ

BUTTER $


ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦਾ ਸਮਾਗਮ ਤਸਵੀਰਾਂ ਦੀ ਜ਼ਬਾਨੀ



ਫਾਰਮ ਵਰਕਰਜ਼ ਯੂਨੀਅਨ ਦੇ ਪ੍ਰਧਾਨ - ਸਰਵਣ ਬੋਲ ਸਪੀਚ ਕਰਦੇ ਹੋਏ



ਬੀ. ਸੀ. ਫੈਡਰੇਸ਼ਨ ਆਫ ਲੇਬਰ ਦਾ ਸੈਕਟਰੀ-ਖਜ਼ਾਨਚੀ ਕਲਿਫ ਐਂਡਸਟੀਨ



ਚਰਨਪਾਲ ਗਿੱਲ — ਸਪੀਚ ਕਰਦੇ ਹੋਏ



ਸਰੋਤੇ ਖਾਣੇ ਦਾ ਆਨੰਦ ਮਾਣਦੇ ਹੋਏ



ਡਾ: ਮੇਰੀਅਨ ਮੋਜ਼ਜ਼ — ਕੈਲੇਫੋਰਨੀਆਂ ਤੋਂ ਪੈਸਟੀਸਾਈਡਾਂ ਦੀ ਮਾਹਿਰ

ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦਾ ਇਹ ਯਾਦਗਾਰੀ ਦਿਨ ਹਰ ਸਾਲ ਮਨਾਇਆ ਜਾਂਦਾ ਹੈ। ਫਾਰਮ ਵਰਕਰਜ਼ ਯੂਨੀਅਨ ਨੇ ਕੈਨੇਡਾ ਵਿਚ ਇਕ ਨਵੀਂ ਪਰੰਪਰਾ ਨੂੰ ਜਨਮ ਦਿੱਤਾ ਹੈ —



ਅਮਨਪਾਲ ਸਾਰਾ ਖਾਣੇ ਸਮੇਂ

ਆਈ. ਜੀ. ਚਮਨ ਲਾਲ ਦੇ ਬਿਆਨ ਕਾਰਨ

ਪੰਜਾਬ ਦੀ ਸਿਆਸੀ ਖੜੋਤ ਟੁੱਟੀ

- ਹਰਚਰਨ ਬੈਂਸ

ਪਿਛਲੇ ਕੁਝ ਸਮੇਂ ਤੋਂ ਪੰਜਾਬ ਦੀ ਸੁਸਤ ਹੋਈ ਪਈ ਸਿਆਸਤ ਵਿਚ ਅਚਾਨਕ ਤੇਜ਼ੀ ਆ ਰਹੀ ਹੈ। ਅੰਮ੍ਰਿਤਸਰ ਵਿਚ ਵਾਪਰੀਆਂ ਤਾਜ਼ੀਆਂ ਘਟਨਾਵਾਂ ਕੋਈ ਇੱਕਾ ਦੁੱਕਾ ਰਾਜਸੀ ਹਿਲਜੁਲ ਦਾ ਹਿਸਾ ਨਹੀਂ ਬਲਕਿ ਉਸ ਲੰਬੀ ਕੜੀ ਦਾ ਹਿਸਾ ਹਨ, ਜੋ ਕਿ ਭਾਈ ਜਸਬੀਰ ਸਿੰਘ ਖਾਲਸਾ ਨੂੰ ਰਿਹਾ ਕਰਨ ਤੋਂ ਸ਼ੁਰੂ ਹੋਈਆਂ ਹਨ। ਭਾਈ ਜਸਬੀਰ ਸਿੰਘ ਖਾਲਸਾ ਦੀ ਰਿਹਾਈ ਤੋਂ ਕੁਝ ਦਿਨ ਬਾਅਦ ਇਨ੍ਹਾਂ ਕਾਲਮਾਂ ਵਿਚ ਪੇਸ਼ੀਨਗੋਈ ਕੀਤੀ ਗਈ ਸੀ ਕਿ ਸਰਦਾਰ ਬਰਨਾਲਾ, ਸਰਦਾਰ ਬਾਦਲ, ਜਥੇਦਾਰ ਦਰਸ਼ਨ ਸਿੰਘ ਜੀ ਵਰਗੇ ਨੇਤਾਵਾਂ ਨੂੰ ਬੇਅਸਰ ਕਰਨ ਤੋਂ ਬਾਅਦ ਹੋ ਸਕਦਾ ਹੈ ਕਿ ਖਾਲਸਾ ਜੀ ਦੀ ਉਹੀ ਹਾਲਤ ਕਰਨ ਦੀ ਵਾਰੀ ਆ ਗਈ ਹੈ। ਨਾਲ ਇਹ ਵੀ ਕਿਹਾ ਗਿਆ ਸੀ ਕਿ ਭਾਈ ਸਾਹਿਬ ਨੂੰ ਦਰਪੇਸ਼ ਮੁਸ਼ਕਲਾਂ ਉਨੀਆਂ ਛੋਟੀਆਂ ਨਹੀਂ ਜਿੰਨੀਆਂ ਕਿ ਸੰਯੁਕਤ ਅਕਾਲੀ ਦਲ ਵਾਲੇ ਸਮਝੀ ਬੈਠੇ ਹਨ। ਉਸ ਵਕਤ ਸੰਯੁਕਤ ਦਲ ਨੇ ਫਟਾ ਫਟ ਭਾਈ ਸਾਹਿਬ ਨੂੰ ਸ੍ਰੀ ਅਕਾਲ ਤਖਤ ਦੇ ਜਥੇਦਾਰ ਵਜੋਂ ਥਾਪਣ ਦੀ ਕੀਤੀ ਸੀ। ਹੁਣ ਉਸੇ ਭਾਈ ਸਾਹਿਬ ਨੇ ਖੁਦ ਸੰਯੁਕਤ ਅਕਾਲੀ ਦਲ ਦੀ ਵਿਰੋਧਤਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ।





ਇਤਰਾਜ਼

ਭਾਈ ਸਾਹਿਬ ਨੇ ਦਰਬਾਰ ਸਾਹਿਬ ਵੱਲ ਨੂੰ ਜੋ ਮਾਰਚ ਕੀਤਾ ਅਤੇ ਅੰਤ ਪ੍ਰਵੇਸ਼ ਕਰਕੇ ਇਕ ਰਾਤ ਉਥੇ ਗੁਜ਼ਰੀ ਉਸ 'ਤੇ ਕੋਈ ਵੀ ਇਤਰਾਜ਼ ਨਹੀਂ ਕਰ ਸਕਦਾ ਕਿਉਂਕਿ ਇਕ ਆਮ ਸਿਖ ਹੋਣ ਦੇ ਨਾਤੇ ਉਨ੍ਹਾਂ ਨੂੰ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਦਾ ਮੁਕੰਮਲ ਹੱਕ ਹੈ। ਇਤਰਾਜ਼ਯੋਗ ਗੱਲ ਇਹ ਹੋ ਸਕਦੀ ਸੀ ਕਿ ਉਹ ਉਥੇ ਜਾ ਕੇ ਕਿਸੀ ਅਹੁਦੇ ਉਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਦੇ। ਖੁਸ਼ਕਿਸਮਤੀ ਨਾਲ ਅਜਿਹਾ ਨਹੀਂ ਹੋਇਆ।

ਪਰ ਭਾਈ ਜਸਬੀਰ ਸਿੰਘ ਖਾਲਸਾ ਦੇ ਦਰਬਾਰ ਸਾਹਿਬ ਵੱਲ ਨੂੰ ਕੀਤੇ ਗਏ ਮਾਰਚ ਨਾਲ ਸਬੰਧਤ ਸਭ ਤੋਂ ਮਹੱਤਵਪੂਰਨ ਘਟਨਾ ਉਨ੍ਹਾਂ ਦਾ ਦਰਬਾਰ ਸਾਹਿਬ ਵਿਚ ਪ੍ਰਵੇਸ਼ ਨਹੀਂ ਬਲਕਿ ਇਸ ਵਿਸ਼ੇ ਨੂੰ ਲੈ ਕੇ ਇਕ ਨਿਰਪੱਖ ਵਿਅਕਤੀ ਵਲੋਂ ਚੁੱਕੇ ਗਏ ਕਦਮ ਸਨ। ਇਹ ਵਿਅਕਤੀ, ਜਿਸ ਦਾ ਸਿੱਖ ਸਿਆਸਤ ਨਾਲ ਦੂਰੋਂ ਨੇੜਿਓਂ ਵੀ ਕੋਈ ਵਾਸਤਾ ਨਹੀਂ ਹੈ, ਆਪਣੇ ਕਦਮ ਨਾਲ ਦੇਸ਼ ਦੇ ਹਰ ਹਿੱਸੇ, ਹਰ ਵਰਗ ਅੰਦਰ ਹਿਲਜੁਲ ਮਚਾ ਗਿਆ। ਉਤੋਂ ਦਿਲਚਸਪ ਗੱਲ ਇਹ ਹੈ ਕਿ ਇਹ ਸ਼ਖਸ, ਜੋ ਕਿ ਇਸ ਸੂਬੇ ਦੀ ਸਿਆਸਤ ਨੂੰ ਝੰਜੋੜ ਕੇ ਰੱਖ ਗਿਆ, ਖੁਦ ਸਿਆਸਤਦਾਨ ਵੀ ਨਹੀਂ, ਬਲਕਿ ਸਰਕਾਰੀ ਪ੍ਰਸ਼ਾਸਨ ਦਾ ਆਲੀਆ ਅਫਸਰ ਾਂ। ਸ੍ਰੀ ਚਮਨ ਲਾਲ ਆਈ ਜੀ ਪੁਲੀਸ (ਬੀ. ਐਸ ਐਫ) ਵਲੋਂ ਛੁੱਟੀ ਜਾਣ ਦੀ ਟਰਖਾਸਤ ਬਾਰੇ ਕੀਤੀ ਗਈ ਪ੍ਰੈਸ ਕਾਨਫਰੰਸ ਵਿਚ ਜੋ ਕੁਝ ਸਾਹਮਣੇ ਆਇਆ ਹੈ, ਉਸ ਨੇ ਗਵਰਨਰੀ ਪ੍ਰਸ਼ਾਸਨ ਨੂੰ ਤਾਂ ਝੰਜੋੜ ਕੇ ਰੱਖ ਹੀ ਦਿੱਤਾ ਹੈ, ਨਾਲ ਨਾਲ ਸੂਬੇ ਦੀ ਸਿਆਸਤ ਨੂੰ ਵੀ ਇਕ ਨਵਾਂ ਮੋੜ ਦੇ ਦਿੱਤਾ ਹੈ।

ਪਹਿਲਾਂ ਇਸ ਬਾ-ਰੁਤਬਾ ਅਤੇ ਸਵੈਮਾਨੀ ਅਧਿਕਾਰੀ ਦੇ ਇਸ ਕਦਮ ਦੇ ਪਿਛੋਕੜ ਵਿਚ ਜਾਂਦੇ ਹਾਂ।

ਅਲੱਗ ਪਹੁੰਚ

ਇਹ ਗੱਲ ਕਾਫੀ ਦੇਰ ਤੋਂ ਜ਼ਾਹਿਰ ਸੀ ਕਿ ਚੰਡੀਗੜ੍ਹ ਪ੍ਰਸ਼ਾਸਨ ਅਤੇ ਸ੍ਰੀ ਚਮਨ ਲਾਲ ਅਲੱਗ ਅਲੱਗ ਲਾਈਨਾਂ ਉਤੇ ਚਲ ਰਹੇ ਹਨ। ਅਪਰੇਸ਼ਨ ਬਲੈਕ ਥੰਡਰ ਤੋਂ ਬਾਅਦ ਮੈਨੂੰ ਅੰਮ੍ਰਿਤਸਰ ਵਿਚ ਪਤਾ ਲਗਾ ਸੀ ਕਿ ਸ੍ਰੀ ਚਮਨ ਲਾਲ ਹਿੰਸਾ ਵਿਰੁਧ ਸਰਕਾਰੀ ਕਾਰਵਾਈ ਨੂੰ ਇਕ ਨਵੀਂ ਦਿਸ਼ਾ ਦੇਣ ਦੇ ਹੱਕ ਵਿਚ ਹਨ ਅਪਰੇਸ਼ਨ ਬਲੈਕ ਥੰਡਰ ਵੇਲੇ ਪੁਲਿਸ ਦਸਤਿਆਂ ਵਲੋਂ ਦਰਬਾਰ ਸਾਹਿਬ ਅੰਦਰ ਨਾ ਪਰਵੇਸ਼ ਕਰਨ ਦਾ ਫੈਸਲਾ ਹਾਲਾਂਕਿ ਸ੍ਰੀ ਕੇ ਪੀ ਐਸ ਗਿੱਲ ਵਲੋਂ ਦਿੱਤੀ ਗਈ ਸਲਾਹ ਉਤੇ ਕੀਤਾ ਗਿਆ ਸੀ।

ਪਰ ਅੰਦਰ ਫਸੇ ਲੋਕਾਂ ਨੂੰ ਵਿਸ਼ਵਾਸ਼ ਦਿਲਾ ਕੇ ਬਾਹਰ ਲਿਆਉਣ ਦਾ ਸਿਹਰਾ ਸ੍ਰੀ ਚਮਨ ਲਾਲ ਦੇ ਸਿਰ ਸੀ। ਇਸ ਅਪਰੇਸ਼ਨ ਤੋਂ ਬਾਅਦ ਅੰਦਰੋਂ ਫੜੇ ਗਏ ਵਿਅਕਤੀਆਂ ਵਿਚੋਂ ਬਹੁਤਿਆਂ ਦੀ ਤਫਤੀਸ਼ ਤੇ ਪੁੱਛਗਿਛ ਸ੍ਰੀ ਚਮਨ ਲਾਲ ਨੇ ਜਾਤੀ ਤੌਰ ਤੇ ਕੀਤੀ ਹਾਲਾਂ ਕਿ ਇੰਨੇ ਵੱਡੇ ਰੁਤਬੇ ਵਾਲੇ ਵਿਅਕਤੀ ਵਲੋਂ ਪਹਿਲਾਂ ਅਜਿਹਾ ਕੀਤਾ ਜਾਣਾ ਇਕ ਅਸਧਾਰਨ ਪ੍ਰਸ਼ਾਸਨਕ ਕਾਰਵਾਈ ਸੀ। ਇਸੇ ਪੁੱਛਗਿਛ ਦੇ ਆਧਾਰ ਉਤੇ ਉਨ੍ਹਾਂ ਬਹੁਤੇ ਵਿਅਕਤੀਆਂ ਨੂੰ ਰਿਹਾ ਵੀ ਕਰ ਦਿੱਤਾ ਸੀ। ਅੰਮ੍ਰਿਤਸਰ ਵਿਚ ਇਹ ਆਮ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਨ੍ਹਾਂ ਦੀ ਇਸ ਕਾਰਵਾਈ ਤੋਂ ਉਨ੍ਹਾਂ ਦੇ ਸਿਆਸੀ ਸਰਬਰਾਹ ਖੁਸ਼ ਨਹੀਂ ਸਨ। ਪਰ ਉਨ੍ਹਾਂ ਦੇ ਨਜ਼ਦੀਕੀ ਹਲਕਿਆਂ ਅਨੁਸਾਰ ਸ੍ਰੀ ਚਮਨ ਲਾਲ ਦੀ ਇਹ ਕਾਰਵਾਈ ਉਸੇ ਭਾਵਨਾ 'ਤੇ ਅਧਾਰਤ ਸੀ ਜਿਸ ਰਾਹੀਂ ਪੁਲੀਸ ਨੂੰ ਦਰਬਾਰ ਸਾਹਿਬ ਅੰਦਰ ਜਾਣ ਤੋਂ ਗੁਰੇਜ਼ ਕਰਨ ਲਈ ਆਖਿਆ ਗਿਆ ਸੀ — ਯਾਨੀ ਕਿ ਆਮ ਸਿਖ ਜਨਤਾ ਦਾ ਵਿਸ਼ਵਾਸ ਹਾਸਲ ਕਰਨਾ।

ਦੋਸ਼ਾਂ ਦੀ ਪੁਸ਼ਟੀ

ਖੈਰ ਜੋ ਹੋਇਆ ਸੋ ਹੋਇਆ। ਹੁਣ ਅਸਲੀ ਗੱਲ ਇਹ ਹੈ ਕਿ ਸ੍ਰੀ ਚਮਨ ਲਾਲ ਵਲੋਂ ਕੀਤੀ ਗਈ ਪ੍ਰੈਸ ਕਾਨਫਰੰਸ ਵਿਚ ਉਨ੍ਹਾਂ ਨੇ ਬਹੁਤ ਹੀ ਅਹਿਮ ਇੰਕਸ਼ਾਫ ਕੀਤੇ ਹਨ। ਜਿਥੋਂ ਤਕ ਸਿਖ ਸੰਗਤਾਂ ਦਾ ਸਵਾਲ ਹੈ, ਸ੍ਰੀ ਚਮਨ ਲਾਲ ਦਾ ਇਹ ਕਹਿਣਾ ਕਿ ਪ੍ਰਸ਼ਾਸਨਕ ਅਧਿਕਾਰੀ ਉਨ੍ਹਾਂ ਨੂੰ ਜ਼ਬਰ ਅਤੇ ਅਤਿਆਚਾਰ ਦਾ ਸਹਾਰਾ ਲੈਣ ਲਈ ਕਹਿੰਦੇ ਹਨ, ਆਪਣੇ ਆਪ ਵਿਚ ਉਨ੍ਹਾਂ ਸਾਰੇ ਇਲਜ਼ਾਮਾਂ ਦੀ ਪੁਸ਼ਟੀ ਕਰਦਾ ਹੈ ਜੋ ਕਿ ਆਮ ਸਿੱਖਾਂ ਤੋਂ ਲੈ ਕੇ ਅਕਾਲੀ ਨੇਤਾਵਾਂ ਤਕ ਹਰ ਕੋਈ ਦੁਹਰਾਉਂਦਾ ਹੈ — ਯਾਨੀ ਕਿ ਅਤਿਵਾਦ ਵਿਰੁਧ ਲੜਾਈ ਅਸਲ ਵਿਚ ਆਮ ਜਨਤਾ ਉਤੇ ਤਸ਼ੱਦਦ ਦਾ ਰੂਪ ਧਾਰਨ ਕਰ ਚੁਕੀ ਹੈ ਉਨ੍ਹਾਂ ਦੇ ਇਸ ਬਿਆਨ ਨੇ ਨਾ ਕੇਵਲ ਪ੍ਰਸ਼ਾਸਨਕ ਪਾਲਸੀਆਂ ਦਾ ਹੀ ਪਰਦਾ ਫਾਸ਼ ਹੀ ਕਰ ਦਿੱਤਾ ਹੈ ਬਲਕਿ ਖੁਦ ਰਾਜਪਾਲ ਸ੍ਰੀ ਸਿਧਾਰਥ ਸ਼ੰਕਰ ਰੇਅ ਨੂੰ ਵੀ ਅਜੀਬ ਦੁਬਿੱਧਾ ਵਿਚ ਫਸਾ ਦਿੱਤਾ ਹੈ। ਇਸੇ ਕਾਰਨ ਰੇਅ ਸਾਹਿਬ ਨੂੰ ਦਿੱਲੀ ਦਾ ਤੂਫਾਨੀ ਦੌਰਾ ਕਰਨਾ ਪਿਆ ਅਤੇ ਸਿੱਧੇ ਪ੍ਰਧਾਨ ਮੰਤਰੀ ਨਾਲ ਗੱਲ ਕਰਕੇ ਇਹ ਬਿਆਨ ਜਾਰੀ ਕਰਨਾ ਪਿਆ ਕਿ ਭਾਈ ਜਸਬੀਰ ਸਿੰਘ ਖਾਲਸਾ ਦੇ ਮਾਰਚ ਵਾਲਾ ਸਾਰੇ ਦਾ ਸਾਰਾ ਸਾਕਾ ਦੁਰਭਾਗਪੂਰਣ ਹੈ। ਨਾਲ ਹੀ ਉਨ੍ਹਾਂ ਨੂੰ ਇਹ ਬਿਆਨ ਵੀ ਦੇਣਾ ਪਿਆ ਕਿ ਸਰਕਾਰ "ਹੁਣ" ਸਰਬਤ ਖਾਲਸਾ ਕਰਨ ਦੀ ਇਜਾਜ਼ਤ ਨਹੀਂ ਦੇਵੇਗੀ। ਨਾ ਦੀਵਾਲੀ ਵਾਲੇ ਦਿਨ, ਨਾ ਕਿਸੇ ਹੋਰ ਦਿਨ। ਨਾ ਭਾਈ ਜਸਬੀਰ ਸਿੰਘ ਨੂੰ, ਨਾ ਕਿਸੇ ਹੋਰ ਨੂੰ।

ਕਾਹਲੀ ਦਾ ਨੁਕਸਾਨ

ਕਹਿੰਦੇ ਨੇ ਕਾਹਲੀ ਅੱਗੇ ਟੋਏ। ਗਵਰਨਰ ਸਾਹਿਬ ਦਾ ਇਹ ਬਿਆਨ ਯਕੀਨ ਜਲਦਬਾਜ਼ੀ ਦਾ ਨਤੀਜਾ ਹੈ। ਨਹੀਂ ਤਾਂ ਉਹ ਇਹ ਕਦੇ ਨਾ ਕਹਿੰਦੇ ਕਿ ਸਰਬਤ ਖਾਲਸਾ ਕਰਨ ਦੀ ਇਜਾਜ਼ਤ ਕਿਸੇ ਨੂੰ ਕਦੇ ਵੀ ਨਹੀਂ ਦਿੱਤੀ ਜਾ ਸਕਦੀ। ਪਹਿਲੀ ਗੱਲ ਤਾਂ ਇਹ ਕਿ ਸਰਬਤ ਖਾਲਸਾ ਆਪਣੇ ਆਪ ਵਿਚ ਕੋਈ ਗੈਰ-ਕਾਨੂੰਨੀ ਕਾਰਵਾਈ ਨਹੀਂ ਹੈ। ਇਹ ਮਹਿਜ਼ ਇਕ ਧਾਰਮਿਕ ਮਸਲਾ ਹੈ ਜਿਸਦਾ ਸਬੰਧ ਸਿੱਖ ਸਮੂਹਦਾਏ ਅੰਦਰ ਚਲ ਰਹੀ ਅੰਦਰੂਨੀ ਖਿਚੋਤਾਣ ਨਾਲ ਹੈ। ਸਰਕਾਰ ਨੇ ਸਿਰਫ ਇੰਨਾ ਯਕੀਨੀ ਬਣਾਉਣਾ ਹੁੰਦਾ ਹੈ ਕਿ ਇਸ ਇਕੱਠ ਉਤੇ ਕੋਈ ਇਤਰਾਜ਼ਯੋਗ ਗੱਲ ਨਾ ਹੋਵੇ। ਹੋ ਸਕਦਾ ਹੈ ਕਿ ਸਰਕਾਰ ਨੂੰ ਭਾਈ ਜਸਬੀਰ ਸਿੰਘ ਖਾਲਸਾ ਵਲੋਂ ਬੁਲਾਏ ਗਏ ਸਰਬਤ ਖਾਲਸਾ ਵਿਚ ਇਤਰਾਜ਼ਯੋਗ ਗੱਲਾਂ ਹੋਣ ਦਾ ਡਰ ਹੋਵੇ। ਤਾਂ ਫਿਰ ਸਰਕਾਰ ਨੂੰ ਸਪਸ਼ਟ ਬਿਆਨੀ ਕਰਨੀ ਚਾਹੀਦੀ ਹੈ ਕਿ ਉਹ ਇਕੱਠ ਦੇ ਖਿਲਾਫ ਨਹੀਂ, ਸਿਰਫ ਜਿਸ ਦੀ ਦੁਰਵਰਤੋਂ ਦੇ ਖਿਲਾਫ ਹੈ। ਫਰਜ਼ ਕਰੋ ਕਿ ਕੱਲ੍ਹ ਨੂੰ ਪ੍ਰੋਫੈਸਰ ਦਰਸ਼ਨ ਸਿੰਘ ਜੀ ਸਰਬਤ ਖਾਲਸਾ ਬੁਲਾ ਲੈਂਦੇ ਹਨ ਤਾਂ ਕੀ ਸਰਕਾਰ ਉਨ੍ਹਾਂ ਨੂੰ ਵੀ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦੇਏਗੀ? — ਜਿਸ ਤਰ੍ਹਾਂ ਕਿ ਗਵਰਨਰ ਸਾਹਿਬ ਦੇ ਇਸ ਬਿਆਨ ਤੋਂ ਲਗਦਾ ਹੈ ਕਿ ਸਰਬਤ ਖਾਲਸਾ ਬੁਲਾਉਣ ਦੀ ਇਜਾਜ਼ਤ ਕਿਸੇ ਨੂੰ ਵੀ ਕਦੇ ਨਹੀਂ ਦਿੱਤੀ ਜਾਵੇਗੀ। ਹਾਲਾਂਕਿ ਇਤਿਹਾਸ ਗਵਾਹ ਹੈ ਕਿ ਸਰਬਤ ਖਾਲਸਾ ਉਦੋਂ ਬੁਲਾਇਆ ਗਿਆ ਸੀ ਜਦੋਂ ਜਥੇਦਾਰ ਟੌਹੜਾ ਅਤੇ ਸਰਦਾਰ ਬਰਨਾਲਾ ਇਕੱਠੇ ਸਨ। ਇਹ ਸਰਬਤ ਖਾਲਸਾ ਜਿਸ ਵਿਚ 4-5 ਲੱਖ ਸਿਖ ਸੰਗਤਾਂ ਸ਼ਾਮਲ ਹੋਈਆਂ ਸਨ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਉਤੇ ਕੀਤਾ ਗਿਆ ਸੀ। ਤਾਂ ਹੁਣ ਸਰਬਤ ਖਾਲਸਾ ਮੁਕੰਮਲ ਪਾਬੰਦੀ ਕਿਸ ਤਰ੍ਹਾਂ ਲਗਾਈ ਜਾ ਸਕਦੀ ਹੈ?

ਖੁੱਲ੍ਹੀ ਬਹਿਸ

ਅਸਲੀ ਮੁੱਦਾ ਤਾਂ ਇਹ ਹੈ ਕਿ ਹਰ ਛੋਟੀ ਮੋਟੀ ਗੱਲ ਕਰਨ ਦਾ ਫੈਸਲਾ ਕਰਨ ਲਈ ਆਪਣੇ ਜ਼ਾਤੀ ਝਗੜੇ ਹੱਲ ਕਰਨ ਲਈ ਸਰਬਤ ਖਾਲਸਾ ਬੁਲਾਉਣਾ ਜਾਇਜ਼ ਹੈ? ਇਸ ਬਾਰੇ ਸਿੱਖ ਪੰਥ ਅੰਦਰ ਖੁਲ੍ਹੀ ਬਹਿਸ ਹੋਣੀ ਬਹੁਤ ਲਾਜ਼ਮੀ ਹੈ ਅਤੇ ਜਿੰਨੀ ਜਲਦੀ ਇਸ ਵਿਸ਼ੇ ਉਤੇ ਕੌਮ ਨੂੰ ਭੰਬਲਭੂਸੇ ਵਿਚੋਂ ਕੱਢਿਆ ਜਾਵੇ ਉਨਾ ਹੀ ਚੰਗਾ ਰਹੇਗਾ। ਪਰ ਅਸਲੋਂ ਸਿਖ ਪੰਥ ਦਾ ਅੰਦਰੂਨੀ ਮਸਲਾ ਹੈ ਜਿਸ ਉਤੇ ਠੰਢੇ ਦਿਮਾਗ ਨਾਲ, ਕੌਮ ਦੇ ਬੁਰੇ ਭਲੇ ਨੂੰ ਅੱਗੇ ਰੱਖ ਕੇ ਕੁਝ ਫੈਸਲੇ ਲੈਣ ਦੀ ਜ਼ਰੂਰਤ ਹੈ।

ਬਹਿਸ ਕਿਵੇਂ ਹੋਵੇ

ਪਰ ਆਖਰ ਇਹ ਬਹਿਸ ਹੋਏ ਤਾਂ ਕਿਸ ਤਰ੍ਹਾਂ? ਕੌਮ ਇਸ ਵੇਲੇ ਦੁਚਿੱਤੀ ਦੀ ਸ਼ਿਕਾਰ ਵੀ ਹੈ ਅਤੇ ਸਹਿਮ ਦੀ ਵੀ। ਕੌਣ ਆਪਣੇ ਦਿਲ ਦੀ ਗੱਲ ਨਿਧੜਕ ਹੋ ਕੇ ਕਰਨ ਲਈ ਅੱਗੇ ਆਏਗਾ? ਅਤੇ ਜੇ ਆਏਗਾ ਤਾਂ ਕੀ ਗਰੰਟੀ ਹੈ ਕਿ ਉਸ ਨੂੰ ਵੱਡੀਆਂ ਸਿਆਸੀ ਮੱਛੀਆਂ ਹੀ ਨਹੀਂ ਨਿਗਲ ਜਾਣਗੀਆਂ? ਇਕ ਤਰੀਕਾ ਇਹ ਹੈ ਹੋ ਸਕਦਾ ਕਿ ਪੰਜਾਬੀ ਪ੍ਰੈਸ ਵਿਚ ਇਸ ਵਿਸ਼ੇ ਉਤੇ ਖੁੱਲ੍ਹੀ ਬਹਿਸ ਛੇੜੀ ਜਾਵੇ। ਅਖਬਾਰਾਂ ਆਪਣੀ ਰਾਏ ਨਾ ਦੇ ਕੇ ਸਿਰਫ ਪਾਠਕਾਂ ਦੀ ਰਾਏ ਹੀ ਛਾਪਿਆ ਕਰਨ। ਆਖਰ ਸਿੱਖ ਪੰਥ ਦੇ ਮੁਢਲੇ ਅਸੂਲਾਂ ਨੂੰ ਕਾਇਮ ਰੱਖਣ ਲਈ ਵਕਤਨ ਫਵਕਤਨ ਇਨ੍ਹਾਂ ਅਸੂਲਾਂ ਦੀ ਸਹੀ ਵਿਆਖਿਆ ਅਤੇ ਮੁਲਾਂਕਣ ਕਰਨਾ ਜ਼ਰੂਰੀ ਹੈ। ਕੋਈ ਵੀ ਧਰਮ ਆਖਰ ਕੁਰੀਤੀਆਂ ਤੋਂ ਅਤੇ ਸਹੀ ਅਸੂਲਾਂ ਦੀ ਦੁਰਵਰਤੋਂ ਤੋਂ ਸੁਚੇਤ ਹੋਏ ਬਗੈਰ ਨਹੀਂ ਰਹਿ ਸਕਦਾ। ਸਿੱਖ ਪੰਥ ਵੀ ਇਸ ਵਕਤ ਕੁਝ ਅਜਿਹੀਆਂ ਕੁਰੀਤੀਆਂ ਦਾ ਸ਼ਿਕਾਰ ਹੈ ਜੋ ਕਿ ਠੀਕ ਉਸ ਧਰਮ ਦੀਆਂ ਕੁਰੀਤੀਆਂ ਦਾ ਅਸਰ ਹੈ ਜਿਸ ਵਿਰੁਧ ਬਾਬਾ ਨਾਨਕ ਤੇ ਦਸਵੇਂ ਗੁਰੂ ਨੇ ਬਗਾਵਤ ਦਾ ਝੰਡਾ ਬੁਲੰਦ ਕੀਤਾ ਸੀ। ਇਸ ਦੇ ਨਾਲ ਨਾਲ ਪੰਥ ਦੀਆਂ ਉਚੀਆਂ ਸੁਚੀਆਂ ਕੀਮਤਾਂ ਕਦਰਾਂ ਨੂੰ ਵੀ ਅਲੱਗ ਅਲੱਗ ਸਿੱਖ ਜਥੇਬੰਦੀਆਂ ਨੇ ਗਾਹੇ ਬਗਾਹੇ ਆਪਣੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਇਸਤੇਮਾਲ ਕੀਤਾ ਹੈ। ਜਿਸ ਨਾਲ ਇਨ੍ਹਾਂ ਰਿਵਾਇਤਾਂ ਦੀ ਤਾਂ ਮਹੱਤਤਾ ਘਟੀ ਹੀ ਹੈ, ਨਾਲ ਨਾਲ ਇਸ ਨੇ ਸਾਰੇ ਪੰਥ ਦਾ ਵਕਾਰ ਦੂਜੇ ਧਰਮਾਂ ਵਿਚ ਨੀਵਾਂ ਕੀਤਾ ਹੈ। ਉਨ੍ਹਾਂ ਸਾਰੇ ਵਿਸ਼ਿਆਂ ਉਤੇ ਪੰਜਾਬੀ ਪ੍ਰੈਸ ਨੇ ਸੂਬੇ ਦੇ ਵਾਸੀਆਂ ਪ੍ਰਤੀ ਆਪਣੇ ਮੁਢਲੇ ਫਰਜ਼ ਨੂੰ ਅਜੇ ਤਕ ਤਾਂ ਨਹੀਂ ਨਿਭਾਇਆ ਹੈ। ਵਕਤ ਆ ਪਹੁੰਚਿਆ ਹੈ ਕਿ ਪਿਛਲੇ ਅੱਠ-ਦਸ ਸਾਲਾਂ ਤੋਂ ਸਿੱਖ ਧਰਮ ਦੀਆਂ ਉਚੀਆਂ ਸੁੱਚੀਆਂ ਰਿਵਾਇਤਾਂ ਅਤੇ ਸੰਸਥਾਵਾਂ ਨੂੰ ਲੱਗਿਆ ਖੋਰਾ ਰੋਕਣ ਲਈ ਪੰਜਾਬੀ ਪ੍ਰੈਸ ਅੱਗੇ ਆਏ।

ਫੈਸਲਾ ਸਿਖ ਕਰਨਗੇ

ਪਰ ਇਸ ਗੱਲ ਨੂੰ ਦੁਹਰਾਏ ਬਗੈਰ ਨਹੀਂ ਰਿਹਾ ਜਾ ਸਕਦਾ ਕਿ ਸਰਬਤ ਖਾਲਸਾ ਹੋਏ ਜਾਂ ਨਾ, ਹੋਏ ਤਾਂ ਕਿਸ ਤਰ੍ਹਾਂ ਅਤੇ ਕਿਥੇ? ਇਹ ਸਾਰੇ ਮਸਲੇ ਪ੍ਰਸ਼ਾਸ਼ਕੀ ਨਹੀਂ ਬਲਕਿ ਸਿਖ ਪੰਥ ਦੇ ਅੰਦਰੂਨੀ ਮਸਲੇ ਹਨ ਅਤੇ ਇਨ੍ਹਾਂ ਦੇ ਉਤੇ ਫੈਸਲੇ ਦਿੱਲੀ ਵਿਚ ਨਹੀਂ ਲਏ ਜਾ ਸਕਦੇ ਬਲਕਿ ਖੁਦ ਸਿਖ ਸੰਗਤਾਂ ਨੇ ਹੀ ਇਨ੍ਹਾਂ ਮਸਲਿਆਂ ਉਤੇ ਫਤਵਾ ਦੇਣਾਂ ਹੈ। ਅੱਛਾ ਰਹੇਗਾ ਜੇ ਸਰਕਾਰ ਇਨ੍ਹਾਂ ਮਸਲਿਆਂ ਤੋਂ ਆਪਣੇ ਆਪ ਨੂੰ ਲਾਂਭੇ ਰੱਖੇ। ਨਹੀਂ ਤਾਂ ਉਸ ਉਤੇ ਧਰਮ ਦੇ ਅੰਦਰੂਨੀ ਮਾਮਲਿਆਂ ਵਿਚ ਦਖਲਅੰਦਾਜ਼ੀ ਕਰਨ ਦਾ ਇਲਜ਼ਾਮ ਆਉਣਾ ਸੁਭਾਵਿਕ ਹੈ।

ਪਰ ਸਰਬਤ ਖਾਲਸਾ ਦਾ ਮਸਲਾ ਅਸਲੋਂ ਸੂਬੇ ਵਿਚ ਰਾਜਨੀਤਕ ਗਤੀਵਿਧੀ ਵਿਚ ਆਈ ਤੇਜ਼ੀ ਨਾਲੋਂ ਵੀ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ

→

ਇਕ ਪਾਸੇ ਤਾਂ ਅਕਾਲੀਆਂ ਦੇ ਸਭ ਧੜੇ ਪਹਿਲਾਂ ਨਾਲੋਂ ਸਰਗਰਮ ਹੋ ਰਹੇ ਹਨ। ਲੌਂਗੋਵਾਲ ਰੈਲੀ ਨੇ ਜਿਸ ਤਰ੍ਹਾਂ ਲੌਂਗੋਵਾਲ ਦਲ ਵਿਚ ਨਵੀਂ ਰੂਹ ਭਰ ਦਿੱਤੀ ਸੀ, ਠੀਕ ਉਸੇ ਤਰ੍ਹਾਂ ਹੀ ਸੰਯੁਕਤ ਅਕਾਲੀ ਦਲ ਹੁਣ ਹੜ੍ਹਾਂ ਦੇ ਮਸਲੇ ਉਤੇ ਸਰਗਰਮ ਵਤੀਵਿਧੀਆਂ ਕਰਕੇ ਆਪਣੀ ਸ਼ਾਖ ਬਦਾਉਣ ਦੇ ਯਤਨ ਵਿਚ ਹੈ। ਉਧਰ ਭਾਈ ਜਸਬੀਰ ਸਿੰਘ ਖਾਲਸਾ ਵੀ ਸਾਰੇ ਕੁਝ ਨੂੰ ਖਾਮੋਸ਼ ਬੈਠ ਕੇ ਨਹੀਂ ਦੇਖ ਰਹੇ। ਪਰ ਸੂਬੇ ਵਿਚ ਰਾਜਨੀਤਕ ਗਤੀਵਿਧੀ ਦੀ ਵਧਣ ਦਾ ਅਸਲੀ ਸੂਚਕ ਪ੍ਰਧਾਨ ਮੰਤਰੀ ਵਲੋਂ ਪੰਜਾਬ ਦੇ ਉਪਰੋਂ-ਥਲੀ ਦੌਰੇ ਕਰਨ ਤੋਂ ਮਿਲਦਾ ਹੈ। ਉਨ੍ਹਾਂ ਦੇ ਹਾਲੀਆ ਦੌਰੇ ਦੌਰਾਨ ਦੂਰਦਰਸ਼ਨ ਨੇ ਖਾਸ ਤੌਰ 'ਤੇ ਉਹਨਾਂ ਦੀਆਂ ਕਿਸਾਨਾਂ ਨਾਲ ਹੋਈਆਂ ਖੁਲੀਆਂ ਗੱਲਾਂ ਬਾਤਾਂ ਨੂੰ ਪ੍ਰਮੁੱਖ ਤੌਰ 'ਤੇ ਨਸ਼ਰ ਕੀਤਾ। ਪੰਜਾਬ ਵਿਚ ਆ ਕੇ ਅਤੇ ਸਿਖ ਕਿਸਾਨਾਂ ਵਿਚ ਖੁਲ੍ਹੇ ਆਮ ਫਿਰਨ ਦਾ ਪ੍ਰਭਾਵ ਦੇ ਕੇ ਪ੍ਰਧਾਨ ਮੰਤਰੀ ਯਕੀਨਨ ਦੇਸ਼ ਦੇ ਦੂਜੇ ਹਿਸਿਆਂ ਵਿਚ ਆਪਣੇ ਵਕਾਰ ਨੂੰ ਵਧਾਉਣ ਵਿਚ ਕਾਮਯਾਬ ਹੋਣਗੇ, ਭਾਵੇਂ ਕਿ ਵਿਰੋਧੀ ਦਲ ਅਤੇ ਪੰਜਾਬ ਵਿਚ ਅਕਾਲੀ ਦਲ ਕਬੂਤਰ ਵਾਂਗ ਅੱਖਾਂ ਮੀਟ ਕੇ ਕਹੀ ਜਾਣ ਕਿ ਇਨ੍ਹਾਂ ਗੱਲਾਂ ਦਾ ਕੋਈ ਫਰਕ ਨਹੀਂ ਪੈਂਦਾ।

ਕਾਂਗਰਸ 'ਚ ਨਵੀਂ ਜਾਨ

ਪ੍ਰਧਾਨ ਮੰਤਰੀ ਦੀਆਂ ਫੇਰੀਆਂ ਦਾ ਸੂਬੇ ਵਿਚ ਕਾਂਗਰਸ, ਜੋ ਕਿ ਲਗਪਗ ਮਰ ਚੁੱਕੀ ਹੈ, ਨੂੰ ਮੁੜ ਸੁਰਜੀਤ ਕਰਨ ਉਤੇ ਕਾਫੀ ਅਸਰ ਪਏਗਾ। ਅਤੇ ਜਿਵੇਂ ਅਕਾਲੀ ਆਪਸ ਵਿਚ ਲੜੀ ਜਾਂਦੇ ਹਨ ਅਤੇ ਇਕ ਦੂਜੇ ਨੂੰ ਸਤਿਕਾਰਯੋਗ ਥਾਂ ਦੇਣ ਲਈ ਤਿਆਰ ਨਹੀਂ ਹਨ, ਇਸ ਗੱਲ ਵਿਚ ਕੋਈ ਹੈਰਾਨੀ ਨਹੀਂ ਹੋਏਗੀ ਕਿ ਪ੍ਰਧਾਨ ਮੰਤਰੀ ਉਤਸ਼ਾਹਿਤ ਹੋ ਕੇ ਨੇੜੇ ਦੇ ਭਵਿਖ ਵਿਚ ਪੰਜਾਬ ਵਿਚ ਰਾਜਸੀ ਪ੍ਰਣਾਲੀ ਨੂੰ ਦੁਬਾਰਾ ਸ਼ੁਰੂ ਕਰਨ ਵੱਲ ਅਚਾਨਕ ਕਦਮ ਉਠਾ ਲੈਣ। ਫਿਰ ਕਾਂਗਰਸ ਜਿੱਤੇ ਨਾ ਜਿੱਤੇ ਇਹ ਗੱਲ ਯਕੀਨੀ ਹੈ ਕਿ ਅਕਾਲੀਆਂ ਦੀ ਆਪਸੀ ਫੁਟ ਜਿੱਤਣ ਇਨ੍ਹਾਂ ਨੂੰ ਵੀ ਨਹੀਂ ਦਿੰਦੀ। ਦੇਖਣਾ ਸਿਰਫ ਇੰਨਾ ਹੀ ਹੈ ਕਿ ਕੀ ਅਕਾਲੀਆਂ ਦੇ ਵੱਖ ਵੱਖ ਧੜੇ ਚੋਣਾਂ ਦੀ ਸੂਰਤ ਵਿਚ ਵੀ ਇਕ ਦੂਜੇ ਨਾਲ ਮਿਲਣ ਨਾਲੋਂ ਆਪਣੇ ਪ੍ਰਮੁਖ ਵਿਰੋਧੀ ਨੂੰ ਜਿਤਾਉਣ ਨੂੰ ਤਰਜੀਹ ਦੇਣਗੇ? ਇਨ੍ਹਾਂ ਸਵਾਲਾਂ ਦਾ ਜਵਾਬ ਸ਼ਾਇਦ ਸ਼੍ਰੋਮਣੀ ਕਮੇਟੀ ਦੀਆਂ ਆਉਂਦੀਆਂ ਚੋਣਾਂ ਤੋਂ ਬਾਅਦ ਹੀ ਮਿਲ ਸਕੇਗਾ। ਮੌਜੂਦਾ ਸਥਿਤੀ ਇਹ ਹੈ ਕਿ ਸਿਖ ਧਰਮ ਦਾ ਹਰ ਧੜਾ ਹਰ ਦੂਜੇ ਧੜੇ ਨੂੰ ਸਰਕਾਰੀ ਏਜੰਟ ਗਰਦਾਨਣ ਵਿਚ ਮਸਰੂਫ ਹੈ। ਬਦਕਿਸਮਤੀ ਦੀ ਗੱਲ ਇਹ ਹੈ ਕਿ ਇਨ੍ਹਾਂ ਸਾਰਿਆਂ ਧੜਿਆਂ ਦੇ ਇਕ ਦੂਜੇ ਉਤੇ ਲਗਾਏ ਜਾਂਦੇ ਇਲਜ਼ਾਮ ਸੱਚੇ ਹੀ ਹਨ। ਇਸ ਹਮਾਮ ਵਿਚ ਸਭ ਨੰਗੇ ਹਨ।

ਈਨਕ ਪਾਵਲ ਕਾਲੇ ਲੋਕਾਂ ਵਿਰੁਧ ਫਿਰ ਨਵੇਂ ਪੁਆੜੇ ਪਾਏਗਾ

ਲੰਡਨ — ਸਾਬਕ ਐਮ. ਪੀ. ਈਨਕ ਪਾਵਲ ਜਿਸ ਨੇ ਦਸ ਸਾਲ ਪਹਿਲਾਂ ਕਿਹਾ ਸੀ ਕਿ ਕਾਲੇ ਲੋਕਾਂ ਨੂੰ ਬਰਤਾਨੀਆਂ ਵਿਚੋਂ ਕੱਢੋ ਨਹੀਂ ਤਾਂ ਗਲੀਆਂ ਬਾਜ਼ਾਰਾਂ ਵਿਚ ਖੂਨ ਦੇ ਦਰਿਆ ਵਹਿ ਜਾਣਗੇ। ਉਸਨੇ ਪਿਛਲੇ ਦਿਨੀਂ ਆਪਣੀ ਮੰਡੇ ਕਲੱਬ ਵਿਚ ਬੋਲਦਿਆਂ ਇਕ ਵਾਰ ਇਹਨਾਂ ਸ਼ਬਦਾਂ ਨੂੰ ਦੁਹਰਾਇਆ ਹੈ। ਮੰਡੇ ਕਲੱਬ ਟੋਰੀ ਪਾਰਟੀ ਦਾ ਸਜ ਪਿਛਾਖੜੀ ਗਰੁੱਪ ਹੈ। ਜਿਸ ਦੀਆਂ ਸਰਗਰਮੀਆਂ ਹਮੇਸ਼ਾਂ ਹੀ ਕਾਲੇ ਲੋਕਾਂ ਦੇ ਖਿਲਾਫ ਰਹੀਆਂ ਹਨ। ਕਲੱਬ ਵਿਚ ਬੋਲਦਿਆਂ ਈਨਕ ਪਾਵਲ ਨੇ ਕਿਹਾ ਹੈ ਕਿ ਸਰਕਾਰ ਨੂੰ ਬਰਤਾਨੀਆਂ ਵਿਚ ਰਹਿੰਦੇ ਸਾਰੇ ਨਸਲੀ ਘੱਟ ਗਿਣਤੀ ਗਰੁੱਪਾਂ ਬਾਰੇ ਅੰਕੜੇ ਪ੍ਰਕਾਸ਼ਨ ਕਰਨੇ ਚਾਹੀਦੇ ਹਨ। ਇਹਨਾਂ ਦੀ ਗਿਣਤੀ ਕੀ ਹੈ ਤੇ ਇਹ ਬਰਤਾਨੀਆ ਵਿਚ ਕੀ ਕਰਦੇ ਹਨ। ਸਰਕਾਰ ਇਸ ਬਾਰੇ ਤੱਥਾਂ ਨੂੰ ਛੁਪਾ ਕੇ ਰਖਦੀ ਹੈ।

ਹੁਣ ਨਵੰਬਰ ਵਿਚ ਮਿ: ਪਾਵਲ ਹੈਕਨੀ ਅਤੇ ਟਾਵਲ ਹੈਮਲੈਟਸ ਚੈਂਬਰਜ਼ ਆਫ ਕਾਮਰਸ ਵਿਚ ਬੋਲ ਰਹੇ ਹਨ। ਕੁਝ ਲੋਕਲ ਟੋਰੀ ਮੈਂਬਰ ਭਾਵੇਂ ਉਸਦੀ ਵਿਰੋਧਤਾ ਕਰਦੇ ਹਨ ਪਰ ਉਹ ਇਹਨਾਂ ਮੌਕਿਆਂ ਉਤੇ ਅਵਸ਼ ਹੀ ਕਾਲੇ ਲੋਕਾਂ ਵਿਰੁਧ ਨਵੇਂ ਪੁਆੜੇ ਪਾਏਗਾ।

ਕਹਾਣੀ

ਬੁੱਕਲ ਵਿਚਲਾ ਸੱਪ

ਜਸਵੰਤ ਸਿੰਘ ਬਲੱਗਣ

"ਨਹੀਂ ਰਹਿਣਾ ਮੈਂ ਇਥੇ, ਬਿਲਕੁਲ ਨਹੀਂ ਰਹਿਣਾ। ਔਂਤਰਿਓ, ਢਾਈ ਘਰ ਤਾਂ ਡੈਣ ਵੀ ਛੱਡ ਲੈਂਦੀ ਏ। ਤੁਹਾਡੀ ਹਿੱਕ 'ਤੇ ਮੈਂ ਵੀ ਮੂੰਗ ਨਾ ਦਲਾਂਗੀ ਤਾਂ ਮੈਨੂੰ ਸੀਮਾ ਨਾ ਆਖਿਓ। ਤੁਹਾਡੇ ਸਿਆਪੇ ਕਰ ਕੇ ਮੈਂ ਥੱਕ ਗਈ ਹਾਂ। ਤੁਸੀਂ ਜਿੱਦਾਂ ਕਿਹਾ ਮੈਂ ਕੀਤਾ! ਪਰ ਨਮਕ ਹਰਾਮੀਓ, ਮੈਨੂੰ ਕੀ ਪਤਾ ਸੀ.....?" ਪਤਾ ਨਹੀਂ ਉਹ ਕਿੰਨੀ ਦੇਰ ਹੋਰ ਆਪਣੇ ਦਿਲ ਦੇ ਗੁਬਾਰ ਕੱਢਦੀ ਰਹਿੰਦੀ ਜੇ ਮੈਂ ਉਸ ਨੂੰ ਹਮਦਰਦੀ ਭਰੇ ਬੋਲਾਂ ਨਾਲ ਵਰਜ ਕੇ ਘਰ ਨਾ ਲਿਆਉਂਦਾ।

ਸੀਮਾ ਮੈਟ੍ਰਿਕ ਪਾਸ 32 ਕੁ ਸਾਲ ਦੀ ਔਰਤ ਸੀ। ਉਚੀ-ਲੰਮੀ, ਸੋਹਣੀ-ਸੁਨੱਖੀ ਅਤੇ ਹੁਨਰਮੰਦ ਔਰਤ ਸੀ। ਚੌਵੀ ਕੁ ਸਾਲ ਦੀ ਭਰ ਜਵਾਨੀ ਦੀ ਉਮਰ ਵਿਚ ਉਸ ਦਾ ਵਿਆਹ ਰਾਜ ਕੁਮਾਰ ਨਾਲ ਘਰ ਵਾਲਿਆਂ ਨੇ ਬੜੀ ਰੀਝ ਨਾਲ ਕੀਤਾ ਸੀ। ਰਾਜ, ਇਕ ਪਿੰਡ ਵਿਚ ਹਾਈ ਸਕੂਲ ਵਿਚ ਅਧਿਆਪਕ ਸੀ। ਸੀਮਾ ਹੁਰੀਂ ਦੋ ਭੈਣ-ਭਰਾ ਸਨ। ਉਸ ਦਾ ਭਰਾ ਵਿਨੋਦ ਉਮਰ ਵਿਚ ਉਸ ਤੋਂ ਦੋ ਕੁ ਸਾਲ ਛੋਟਾ ਸੀ। ਬੀ. ਏ. ਪਾਸ ਕਰ ਕੇ, ਪਿੰਡ ਵਿਚ ਦੁਕਾਨ ਕਰਦਾ ਸੀ। ਸੀਮਾ ਤੋਂ ਸਾਲ ਕੁ ਬਾਅਦ ਉਸ ਦਾ ਵੀ ਵਿਆਹ ਹੋ ਚੁਕਾ ਸੀ ਅਤੇ ਦੋ ਬੱਚਿਆਂ ਦਾ ਬਾਪ ਬਣ ਚੁਕਾ ਸੀ।

ਪਰ ਸੀਮਾ ਦੀ ਕੁੱਖ ਵਿਆਹ ਤੋਂ ਪੰਜ ਕੁ ਸਾਲ ਬਾਅਦ ਹਰੀ ਨਾ ਹੁੰਦੀ ਵੇਖ ਕੇ, ਉਸ ਦੇ ਪਤੀ ਰਾਜ ਨੇ ਉਸ ਦਾ ਕਈ ਥਾਵਾਂ ਤੋਂ ਇਲਾਜ ਕਰਵਾਇਆ। ਪਰ ਰੱਬ ਦੀ ਮਿਹਰ ਦੀ ਨਜ਼ਰ ਹੁੰਦੀ ਲਗਦੀ ਨਹੀਂ ਸੀ। ਸੀਮਾ ਨੇ ਤਿੰਨ ਸਾਲ ਦਾ ਸਿਲਾਈ ਕਢਾਈ ਦਾ ਕੋਰਸ ਕੀਤਾ ਹੋਇਆ ਸੀ। ਸਹੁਰੇ ਘਰ ਆਉਂਦਿਆਂ ਹੀ ਉਸ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਕੇ ਪਿੰਡ ਦੀਆਂ ਔਰਤਾਂ ਦੀ ਸਮੱਸਿਆ ਹੱਲ ਕਰ ਦਿੱਤੀ ਸੀ। ਕਿਸੇ ਔਰਤ ਨੇ ਕੱਪੜੇ ਸਿਲਵਾਣੇ ਜਾਂ ਕਟਵਾਣੇ ਹੁੰਦੇ ਤਾਂ ਉਹ ਸੀਮਾ ਕੋਲ ਆ ਬੈਠਦੀ। ਜਿਥੇ ਜਿਥੇ ਸੀਮਾ ਮਾਇਕ ਪੱਖੋਂ ਰਾਜ ਦਾ ਹੱਥ ਵਟਾਉਂਦੀ, ਉਸੇ ਉਸ ਦਾ ਰੁਝੇਵਾਂ ਉਸ ਨੂੰ ਇਕੱਲਾ ਨਾ ਭਾਸਣ ਦਿੰਦਾ। ਕਈ ਵਾਰ ਕੋਈ ਔਰਤ ਉਸ ਨੂੰ ਕਹਿਣ ਲਗਦੀ, "ਸੀਮਾ ਪਤਾ ਨਹੀਂ ਰੱਬ ਤੇਰੇ ਨਾਲ ...!" ਸੀਮਾ ਉਸ ਵੇਲੇ ਉਸ ਦਾ ਮੂੰਹ ਬੰਦ ਕਰ ਦਿੰਦੀ। ਪਰ ਰਾਜ ਇਸ ਪੱਖੋਂ ਅਵੇਸਲਾ ਨਹੀਂ ਸੀ। ਉਹ, ਜਿਥੇ ਵੀ ਕੋਈ ਦੱਸ ਪਾਉਂਦਾ, ਸੀਮਾ ਨੂੰ ਨਾਲ ਲੈ ਕੇ ਦਵਾਈ ਕਰਵਾਉਣ ਲਈ ਪੁੱਜ ਜਾਂਦਾ। ਰਾਜ ਦੇ ਮਨ ਉਤੇ ਕੋਈ ਅਸਰ ਨਹੀਂ ਸੀ ਪਰ ਦੁੱਖ ਇਹ ਸੀ ਕਿ ਉਸ ਦੇ ਸਾਥੀ ਅਧਿਆਪਕ ਹਰ ਰੋਜ਼ ਪੁੱਛਦੇ ਰਹਿੰਦੇ, "ਕਿਉਂ ਬਈ, ਕੋਈ 'ਪਰਾਗਰੈਸ' ਹੈ?" ਤਾਂ ਰਾਜ ਨੂੰ ਨਿੰਮੋਝੂਣ ਜਿਹਾ ਹੋ ਕੇ ਸਿਰ ਨਾਂਹ ਵਿਚ ਹਿਲਾਉਣਾ ਪੈਂਦਾ।

ਇਕ ਦਿਨ ਰਾਜ ਸਕੂਲੋਂ ਮੁੜਿਆ ਤਾਂ ਸੀਮਾਂ ਸੱਜ-ਧੱਜ ਕੇ ਉਸ ਦੀ ਉਡੀਕ ਵਿਚ ਬੂਹੇ ਵਿਚ ਖਲੋਤੀ ਹੋਈ ਸੀ। ਰਾਜ ਅਜੇ ਥੋੜ੍ਹੀ ਦੂਰ ਹੀ ਸੀ ਕਿ ਸੀਮਾ ਦੀ ਮੁਸਕਰਾਹਟ ਨੇ ਉਸ ਨੂੰ ਕੀਲ ਲਿਆ। ਬੜੀ ਦੇਰ ਬਾਅਦ ਅੱਜ ਰਾਜ ਨੂੰ ਸੀਮਾ ਦੀ ਮੁਸਕਰਾਹਟ ਵਿਚੋਂ ਕੁਝ ਲੱਭਾ ਸੀ। "ਕਿਉਂ ਸਵੀਟ-ਹਾਰਟ ਅੱਜ ਕਿਸੇ ਸਹੇਲੀ ਨੇ ਆਉਣਾ ਏ ਜਾਂ .....?" ਪਿਆਰ ਨਾਲ ਸੀਮਾ ਦੀ ਗੱਲ੍ਹ ਥਪਥਪਾਉਂਦਿਆਂ, ਰਾਜ ਨੇ ਭੇਤ ਜਾਣਨਾ ਚਾਹਿਆ। "ਨਹੀਂ, ਡਾਰਲਿੰਗ, ਅੱਜ ਸਾਡੇ ਵਿਹੜੇ ਦੀ ਰੌਣਕ ਦੀ ਨੀਂਹ ਬੱਝੀ ਏ।" ਸ਼ਰਮ ਨਾਲ ਨੀਵੀਂ ਪਾਉਂਦਿਆਂ ਹੋਇਆਂ ਸੀਮਾ ਨੇ ਨਖਰੇ ਭਰੇ ਅੰਦਾਜ਼ ਵਿਚ ਰਾਜ ਨੂੰ ਦੱਸਿਆ।

"ਵਾਹ! ਵਾਹ!! ਹੋ ਗਏ ਮਜ਼ੇ, ਤੈਨੂੰ ਮੈਂ ਕਿਹਾ ਸੀ ਨਾ ਕਿ ਰੱਬ ਦੇ ਘਰ ਦੇਰ ਏ ਅੰਧੇਰ ਨਹੀਂ, ਹੁਰਰ...ਹੁਰਰ" ਸੀਮਾਂ ਨੂੰ ਬਾਹਾਂ ਵਿਚ ਚੁੱਕ ਕੇ, ਰਾਜ ਖ਼ੁਸ਼ੀ ਵਿਚ ਖੀਵਾ ਹੋਇਆ ਭੁੜਕੀ ਜਾ ਰਿਹਾ ਸੀ। ਅੱਜ ਰਾਜ, ਪੂਰੇ ਸਵੈਮਾਣ ਨਾਲ ਪਿੰਡ ਵਿਚ ਘੁੰਮ ਫਿਰ ਰਿਹਾ ਸੀ ਕਿ ਉਸ ਨੂੰ ਕੋਈ ਪੁੱਛੇ ਕਿ ਕੀ ਪਰਾਗਰੈਸ ਹੈ ਤਾਂ ਉਹ ਛਾਤੀ ਫੁਲਾ ਕੇ ਹਾਂ ਵਿਚ ਸਿਰ ਹਿਲਾਵੇ।

ਹੁਣ ਰਾਜ ਸੀਮਾ ਦਾ ਅੱਗੇ ਨਾਲੋਂ ਵੀ ਵੱਧ ਖਿਆਲ ਰੱਖਣ ਲੱਗਾ। ਮਹੀਨੇ ਵਿਚ ਇਕ ਜਾਂ ਦੋ ਵਾਰ ਡਾਕਟਰ ਦੀ ਸਲਾਹ ਲੈਂਦਾ। ਸੀਮਾ ਦਾ ਗਦਰਾਇਆ ਹੋਇਆ ਬਦਨ ਉਸ ਨੂੰ ਖ਼ੁਸ਼ੀ ਦੀ ਮਹਿਕ ਦਿੰਦਾ। ਜੇਕਰ ਸੀਮਾ ਖ਼ੁਰਾਕ ਵਲੋਂ ਅਣਗਹਿਲੀ ਕਰਦੀ ਤਾਂ ਰਾਜ ਉਸ ਨੂੰ ਮਿੱਠੀ ਜਿਹੀ ਝਿੜਕ ਦੇ ਕੇ ਸਮਝਾਉਂਦਾ।

ਸਮਾਂ ਆਪਣੀ ਟੋਰੇ ਤੁਰਦਾ ਰਿਹਾ। ਰਾਜ ਸਕੂਲ ਜਾਣ ਤੋਂ ਪਹਿਲਾਂ ਸੀਮਾ ਨੂੰ ਕੰਮ ਘੱਟ ਕਰਨ ਅਤੇ ਆਰਾਮ ਕਰਨ ਦੀ ਸਲਾਹ ਦੇ ਕੇ ਜਾਂਦਾ ਅਤੇ ਸਕੂਲ ਛੁੱਟੀ ਹੁੰਦਿਆਂ ਹੀ ਝੱਟ ਘਰ ਪਰਤ ਆਉਂਦਾ। ਅੱਜ ਸੀਮਾ ਰਾਜ ਨੂੰ ਉਡੀਕ ਰਹੀ ਸੀ। ਰਾਜ ਨੂੰ ਹੋਰ ਕੰਮ ਵੀ ਨਹੀਂ ਸੀ। ਘੜੀ ਦੀ ਸੂਈ ਦੋ ਵਜਾ ਕੇ ਉਪਰ ਜਾ ਰਹੀ ਸੀ। ਪਰ ਰਾਜ ਦੇ ਸਾਈਕਲ ਦੀ ਘੰਟੀ ਅੱਜ ਖੜਕਣ ਦਾ ਨਾਂ ਹੀ ਨਹੀਂ ; ਲੈ ਰਹੀ ਸੀ। ਬੂਹਾ ਖੜਕਿਆ। ਸੀਮਾ ਦੌੜੀ ਆਈ ਪਰ ਬੂਹੇ ਅੱਗੇ ਰਾਜ ਦੀ ਥਾਂ ਉਸ ਨੂੰ ਕੋਈ ਹੋਰ ਆਦਮੀ ਦਿਖਾਈ ਦਿੱਤਾ। "ਸਕੂਲ ਅਤਿਵਾਦੀਆਂ ਨੇ ਗੋਲੀ ਨਾਲ ਰਾਜ ਤੇ ਇਕ ਹੋਰ ਆਦਮੀ .....।" ਸੁਣਦਿਆਂ ਹੀ ਸੀਮਾ ਜ਼ਮੀਨ ਉਪਰ ਧੜੰਮ ਕਰਦੀ ਡਿੱਗ ਪਈ। ਗਵਾਂਢੀਆਂ ਨੇ, ਜੋ ਚੀਕਾਂ ਸੁਣ ਕੇ ਇਕੱਠੇ ਹੋ ਗਏ ਸਨ, ਸੀਮਾ ਨੂੰ ਦਿਲਾਸਾ ਦਿੱਤਾ। ਪਰ ਉਸ ਦੀ ਖੇਤੀ ਦਾ ਮਾਲਕ ਤਾਂ ਬੋਹਲ ਸੰਵਾਰ ਕੇ, ਸੁੰਨਾ ਛੱਡ ਕੇ ਜਾ ਚੁੱਕਾ ਸੀ।

ਭਾਵੇਂ ਰਾਜ ਦੇ ਭਰਾ, ਉਸ ਨਾਲੋਂ ਨਾਰਾਜ਼ ਹੋ ਕੇ ਵੱਖ ਵੱਖ ਹੋ ਚੁੱਕੇ ਸਨ ਪਰ ਆਖਰੀ ਸਮੇਂ 'ਤੇ ਸਾਰੇ ਸ਼ਮਸ਼ਾਨ ਵਿਚ ਉਸ ਨੂੰ ਅੰਤਿਮ ਵਿਦਾਈ ਦੇਣ ਲਈ ਆ ਇਕੱਠੇ ਹੋਏ ਸਨ। ਮੌਕੇ 'ਤੇ ਡੀ. ਸੀ., ਐਸ ਪੀ, ਐਸ ਡੀ ਐਮ ਸਭ ਪਹੁੰਚ ਗਏ। ਉਨ੍ਹਾਂ ਰੋਂਦੀ ਕੁਰਲਾਂਦੀ ਸੀਮਾ ਨੂੰ ਧਰਵਾਸ ਦਿਤਾ ਅਤੇ ਪੰਜ ਹਜ਼ਾਰ ਦਾ ਚੈਕ ਉਸ ਦੀ ਮੁੱਠੀ ਵਿਚ ਫੜਾ ਗਏ। ਸੀਮਾ ਆਪਣੇ ਪੇਟ ਵਿਚ ਰਾਜ ਦੀ ਨਿਸ਼ਾਨੀ ਸਾਂਭੀ ਰੋਂਦੀ ਕੁਰਲਾਂਦੀ ਸ਼ਮਸ਼ਾਨ 'ਚੋਂ ਮੁੜ ਆਈ। ਅਗਲੇ ਦਿਨ ਰਾਜ ਦੇ ਭਰਾਵਾਂ ਨੇ ਬਥੇਰਾ ਜ਼ੋਰ ਲਗਾਇਆ ਕਿ ਸੀਮਾ ਉਨ੍ਹਾਂ ਕੋਲ ਪਿੰਡ ਰਹੇ। ਪਰ ਵਿਨੋਦ ਨੇ ਸਾਫ ਸ਼ਬਦਾਂ ਵਿਚ ਕਹਿ ਦਿੱਤਾ, "ਸੀਮਾ ਇਥੇ ਨਹੀਂ ਰਹਿ ਸਕਦੀ। ਜਦੋਂ ਤੁਸੀਂ ਰਾਜ ਦੇ ਜਿਉਂਦਿਆਂ ਇਨ੍ਹਾਂ ਦੀ ਬਾਤ ਨਹੀਂ ਪੁੱਛੀ ਤਾਂ ਇਹ ਇਥੇ ਕਿਵੇਂ ਰਹਿ ਸਕਦੀ ਏ?"

ਸੀਮਾ ਦਿਲ ਨੂੰ ਗੰਢ ਦੇ ਕੇ ਆਪਣੇ ਅੰਮਾ ਜਾਏ ਭਰਾ ਵਿਨੋਦ ਨਾਲ ਆ ਗਈ। ਉਸ ਦੀ ਜ਼ਿੰਦਗੀ ਦੀ ਬਸੰਤ ਬਹਾਰ ਖਿਜਾਂ ਵਿਚ ਬਦਲ ਚੁੱਕੀ ਸੀ। ਸੀਮਾ ਨੂੰ ਰਾਜ ਦਾ ਪ੍ਰਾਵੀਡੈਂਟ ਫੰਡ, ਐਕਸ ਗ੍ਰੇਸ਼ੀਆ ਗਰਾਂਟ, ਬੀਮੇ ਦੀ ਰਕਮ ਅਤੇ ਹੋਰ ਬਚਦੇ ਬਕਾਏ ਵਗੈਰਾ ਕਢਵਾ ਕੇ ਦੇ ਦਿੱਤੇ ਗਏ ਜੋ ਲਗਪਗ ਦੋ ਲੱਖ ਰੁਪਏ ਦੇ ਕਰੀਬ ਸੀ। ਵਿਨੋਦ ਅਤੇ ਉਸ ਦੀ ਪਤਨੀ ਸੀਮਾ ਨੂੰ ਹਰ ਤਰ੍ਹਾਂ ਖ਼ੁਸ਼ ਰੱਖਦੇ। ਸੀਮਾ ਨੂੰ ਡਾਕਟਰ ਦੀ ਸਲਾਹ 'ਤੇ ਇਕ ਪ੍ਰਾਈਵੇਟ ਜੱਚਾ-ਬੱਚਾ ਕੇਂਦਰ ਵਿਚ ਦਾਖਲ ਕਰਵਾ ਦਿੱਤਾ ਗਿਆ। ਦੋ ਦਿਨਾਂ ਬਾਅਦ ਸੀਮਾ ਦੇ ਪੇਟੋਂ ਇਕ ਲੜਕੇ ਨੇ ਜਨਮ ਲਿਆ। ਸੀਮਾ ਦੀ ਡੁਬਦੀ ਬੇੜੀ ਨੂੰ ਥੋੜ੍ਹੀ ਢਾਰਸ ਮਿਲੀ। ਬੱਚਾ ਬਿਲਕੁਲ ਰਾਜ ਦਾ ਹਮਸ਼ਕਲ ਸੀ। ਸੀਮਾ ਬੱਚੇ ਨੂੰ ਵੇਖਦਿਆਂ ਹੀ ਪੁਰਾਣੀਆਂ ਯਾਦਾਂ ਵਿਚ ਗੁਆਚ ਜਾਂਦੀ ਪਰ ਜਦੋਂ ਬੱਚਾ ਰੋਣ ਲਗਦਾ ਤਾਂ ਉਹ ਪਹਿਲੀ ਦੁਨੀਆਂ ਵਿਚ ਆ ਜਾਂਦੀ। ਸੀਮਾ ਨੇ ਬੱਚੇ ਦਾ ਨਾਂ ਰਾਜੇਸ਼ ਰੱਖਿਆ ਤਾਂ ਜੋ ਰਾਜ ਦੀ ਯਾਦ ਤਾਜ਼ਾ ਰਹੇ।

ਕੁਝ ਦਿਨਾਂ ਬਾਅਦ ਹਸਪਤਾਲੋਂ ਛੁੱਟੀ ਮਿਲਦਿਆਂ ਹੀ ਰਾਜ ਦੀ ਨਿਸ਼ਾਨੀ ਸਮੇਤ ਸੀਮਾ ਨੂੰ ਵਿਨੋਦ ਘਰ ਲੈ ਆਇਆ। ਇਸ ਸਮੇਂ ਦੌਰਾਨ ਸੀਮਾ ਨੂੰ ਰਾਜ ਦੀ ਨੌਕਰੀ ਦੇ ਆਧਾਰ 'ਤੇ ਪਹਿਲ ਵਜੋਂ ਇਕ ਸਕੂਲ ਵਿਚ ਕਲਰਕ ਦੀ ਨੌਕਰੀ ਮਿਲ ਗਈ। ਪਰ ਅਜੇ ਸੀਮਾ ਠੀਕ ਹੋਣ ਤਕ ਨੌਕਰੀ 'ਤੇ ਨਹੀਂ ਗਈ ਸੀ। ਵਿਨੋਦ ਦੇ ਕਹਿਣ 'ਤੇ ਸੀਮਾ ਨੇ ਰਾਜ ਦਾ ਪਿੰਡ ਵਾਲਾ ਮਿਹਨਤ ਨਾਲ ਬਣਾਇਆ ਮਕਾਨ ਵੀ ਵੇਚ ਦਿੱਤਾ। ਸਰਕਾਰ ਵਲੋਂ ਬਿਨਾਂ ਵਿਆਜ ਦੇ ਆਧਾਰ 'ਤੇ ਸੀਮਾ ਨੂੰ ਪੱਚੀ ਹਜ਼ਾਰ ਕਰਜ਼ਾ ਵੀ ਮਿਲ ਗਿਆ ਜੋ ਉਸ ਨੇ ਰਾਜ ਨੂੰ ਲੈ ਦਿੱਤਾ। ਇਸ ਤੋਂ ਇਲਾਵਾ ਸ਼ਹਿਰ ਵਿਚ ਇਕ ਪਲਾਟ ਵੀ ਸਰਕਾਰ ਵਲੋਂ ਮਿਲ ਗਿਆ। ਹੌਲੀ ਹੌਲੀ ਸੀਮਾ ਦੇ ਜ਼ਖਮਾਂ 'ਤੇ ਖਰੀਂਡ ਆਉਣ ਲੱਗੇ ਅਤੇ ਸੀਮਾ ਰਾਜੇਸ਼ ਵਿਚ ਆਪਣਾ ਆਉਣ ਵਾਲਾ ਭਵਿਖ ਵੇਖਦੀ।

ਠੀਕ ਹੋ ਕੇ ਸੀਮਾ ਨੌਕਰੀ 'ਤੇ ਜਾਣ ਲੱਗ ਪਈ। ਸਕੂਲ ਪਹੁੰਚ ਕੇ ਰਾਜ ਦੀ ਯਾਦ ਆਉਂਦਿਆਂ ਹੀ ਉਹ ਫੁੱਟ ਫੁੱਟ ਕੇ ਰੋਈ। ਸਾਰੇ ਸਟਾਫ ਨੇ ਹਮਦਰਦੀ ਵਜੋਂ ਉਸ ਨੂੰ ਕੋਈ ਕੰਮ ਨਾ ਦੱਸਿਆ ਅਤੇ ਉਸ ਨੂੰ ਦਿਲਾਸਾ ਦਿੱਤਾ। ਹੌਲੀ ਹੌਲੀ ਸੀਮਾ ਆਪਣੀ ਨਵੀਂ ਜ਼ਿੰਦਗੀ ਵਿਚ ਵਿਚਰਦੀ ਜਾ ਰਹੀ ਸੀ।

ਇਕ ਦਿਨ ਸੀਮਾ ਸਕੂਲ ਦੇ ਕੰਮ ਵਿਚ ਰੁੱਝੀ ਹੋਈ ਸੀ ਕਿ ਵਿਨੋਦ, ਕਾਹਲੀ ਨਾਲ ਸਕੂਟਰ 'ਤੇ ਸਕੂਲ ਅੰਦਰ ਦਾਖਲ ਹੋਇਆ। ਉਸ ਦਾ ਚਿਹਰਾ ਉਤਰਿਆ ਹੋਇਆ ਸੀ। "ਸੀਮਾ ਰਾਜੇਸ਼ ਨੂੰ ਕੁਝ ਹੋ ਗਿਆ, ਉਹ ਗੁੰਮ ਹੈ, ਬੋਲਦਾ ਨਹੀਂ।"

ਵਿਨੋਦ ਇਕੋ ਸਾਹੇ ਕਹਿ ਗਿਆ। ਸੀਮਾ ਵਿਨੋਦ ਨਾਲ ਬੈਠ ਕੇ ਘਰ ਪਹੁੰਚੀ। ਡਾਕਟਰ ਰਾਜੇਸ਼ ਨੂੰ ਇੰਜੈਕਸ਼ਨ ਅਤੇ ਉਲਟੀਆਂ ਵਾਲੀ ਦਵਾਈ ਦੇ ਰਿਹਾ ਸੀ। ਸੀਮਾ, ਰਾਜੇਸ਼ ਦੀ ਹਾਲਤ ਵੇਖ ਕੇ ਪਥਰਾ ਗਈ। ਡਾਕਟਰ ਨੇ ਰਾਜੇਸ਼ ਦੀ ਨਬਜ਼ ਅਤੇ ਦਿਲ ਦੀ ਧੜਕਣ ਬੰਦ ਹੁੰਦੀ ਵੇਖੀ ਅਤੇ ਸਿਰ ਫੇਰ ਦਿੱਤਾ। ਵਿਨੋਦ ਦੀ ਪਤਨੀ ਧਾਹਾਂ ਮਾਰਨ ਲੱਗੀ, "ਹਾਏ ਵੇ ਰੱਬਾ, ਤੂੰ ਚੰਗਾ ਨਹੀਂ ਕੀਤਾ, ਹਾਏ! ਇਹ ਗਰੀਬਣੀ ਹੁਣ ਕੀ ਕਰੂ। ਹਾਏ ਵੇ .....।" ਲੋਕਾਂ ਨੇ ਧਰਵਾਸ ਦੇਣੀ ਸ਼ੁਰੂ ਕੀਤੀ। ਸੀਮਾ ਨੂੰ ਹੋਸ਼ ਵਿਚ ਲਿਆਂਦਾ ਗਿਆ। ਵਿਨੋਦ ਕਹਿ ਰਿਹਾ ਸੀ, "ਸੀਮਾ ਜੇ ਤੈਨੂੰ ਰੱਬ ਨੇ ਸੁਖ ਦੇਣਾ ਹੁੰਦਾ ਤਾਂ ਉਹ ਰਾਜ ਨੂੰ ਕਿਉਂ ਖੋਹ ਕੇ ਖੜਦਾ। ਘਬਰਾ ਨਹੀਂ ਅਸੀਂ ਤੇਰੇ ਨਾਲ ਆਂ। ਤੂੰ ਟੀਟੂ ਨੂੰ ਰਾਜੇਸ਼ ਹੀ ਸਮਝ।" ਤੇ ਟੀਟੂ ਨੂੰ ਸੀਮਾ ਦੀ ਝੋਲੀ ਵਿਚ ਪਾ ਦਿੱਤਾ।

ਇਕ ਦਿਨ ਸੀਮਾ ਸਕੂਲ ਤੋਂ ਛੁੱਟੀ ਹੋਣ ਕਰ ਕੇ ਪਹਿਲਾਂ ਹੀ ਵਾਪਸ ਆ ਗਈ ਅਤੇ ਪਿਛਲੇ ਦਰਵਾਜ਼ੇ ਰਾਹੀਂ ਘਰ ਦਾਖਲ ਹੋਈ। ਟੁੱਟੇ ਹੋਏ ਦਿਲ ਨਾਲ ਉਹ ਅੰਦਰ ਆ ਮੰਜੇ ਉਤੇ ਢੇਰੀ ਹੋ ਗਈ।

ਵਿਨੋਦ ਨੂੰ ਸੀਮਾ ਦੇ ਆਉਣ ਦੀ ਖਬਰ ਨਹੀਂ ਸੀ। ਵਿਨੋਦ ਆਪਣੀ ਪਤਨੀ ਨੂੰ ਕਹਿ ਰਿਹਾ ਸੀ, "ਭਾਗਾਂ ਵਾਲੀਏ ਲੁੱਟ ਮੌਜਾਂ, ਲੈ ਬਹਾਰਾਂ, ਅਸੀਂ ਆਪਣੇ ਰਸਤੇ ਦਾ ਕੰਡਾ ਕੱਢ ਦਿੱਤਾ ਏ। ਹੁਣ ਟੀਟੂ ਹੀ ਸੀਮਾ ਦਾ ਅਸਲੀ ਵਾਰਸ ਬਣੇਗਾ। ਅਸੀਂ ਤਾਂ ਹਉਕੇ ਭਰਦਿਆਂ ਜੂਨ ਕੱਟੀ ਏ ਪਰ ਅੱਜ ਲੱਖਾਂ ਵਿਚ ਖੇਡ ਰਿਹਾ ਹਾਂ। ਜੇ ਦਾਅ ਲੱਗਾ ਤਾਂ ਸੀਮਾ ਦਾ ਫਸਤਾ ਵੀ ਮੁਕਾ ਛੱਡਾਂਗੇ।"

→

ਇਹ ਸੁਣਦਿਆਂ ਹੀ ਸੀਮਾ ਦੀ ਖਾਨਿਓਂ ਗਈ। ਉਸ ਨੂੰ ਧਰਤੀ ਪਾਟਦੀ ਹੋਈ ਲੱਗੀ। ਉਹ ਔਰਤ ਤੋਂ ਰਾਕਸ਼ ਬਣ ਗਈ ਅਤੇ ਦੁੱਹਥੜਾਂ ਮਾਰਦੀ ਹੋਈ ਕੋਠੇ 'ਤੇ ਜਾ ਚੜ੍ਹੀ। "ਹਾਏ ਵੇ ਲੋਕੋ, ਮੈਂ ਤਾਂ ਬੁੱਕਲ ਵਿਚ ਸੱਪ ਪਾਲਦੀ ਰਹੀ। ਮੈਂ ਬੁੱਕਲ ਵਿਚ ....!"

ਮਾਲਦੀਵ ਦੇ ਪ੍ਰਧਾਨ ਦੀ ਤਾਜਪੋਸ਼ੀ

ਭਾਰਤ ਦੇ ਬਦੇਸ਼ ਮੰਤਰੀ ਸ਼ਾਮਲ ਹੋਏ

ਮਾਲੀ — ਪਿਛਲੇ ਦਿਨ ਇਥੇ ਮਾਲਦੀਵ ਦੇ ਪ੍ਰਧਾਨ ਮੌਮੂਨ ਅਬਦੁਲ ਗਿਊਮ ਨੂੰ ਪ੍ਰਧਾਨਗੀ ਦੇ ਅਹੁਦੇ ਦੀ ਸਹੁੰ ਚੁਕਾਈ ਗਈ ਜਿਸ ਸਮੇਂ ਭਾਰਤ ਦੇ ਬਦੇਸ਼ ਮੰਤਰੀ ਸ੍ਰੀ ਨਰਸਿਮਹਾ ਰਾਓ ਵੀ ਹਾਜ਼ਰ ਸਨ। ਬਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਪਿਛਲੇ ਹਫਤੇ ਹੋਈਆਂ ਘਟਨਾਵਾਂ ਕਾਰਨ ਰਸਮ ਨੂੰ ਸਾਦਾ ਹੀ ਰੱਖਿਆ ਗਿਆ।

ਪਿਛਲੇ ਹਫਤੇ 150 ਸ੍ਰੀ ਲੰਕਾ ਦੇ ਤਾਮਿਲਾਂ ਵਲੋਂ ਇਥੇ ਹਮਲਾ ਕਰਕੇ ਸਰਕਾਰ ਉਲਟਾਉਣ ਦੀ ਕੋਸ਼ਿਸ਼ ਕੀਤੀ ਗਈ ਸੀ ਜਿਸ ਨੂੰ ਭਾਰਤੀ ਫੌਜੀਆਂ ਨੇ ਨਾਕਾਮ ਕਰ ਦਿੱਤਾ ਸੀ। ਇਹ ਘਟਨਾ 3 ਨਵੰਬਰ ਨੂੰ ਵਾਪਰੀ ਸੀ।

ਇਸ ਰਾਜ-ਪਲਟੇ ਦੀਆਂ ਝੜਪਾਂ ਸਮੇਂ ਘੱਟੋ ਘੱਟ ਇਕ ਦਰਜਨ ਵਿਅਕਤੀ ਮਾਰੇ ਗਏ ਸਨ। ਤਾਮਿਲਾਂ ਨੂੰ ਇਕ ਸਾਬਕਾ ਮਾਲਦੀਵ ਲੀਡਰ ਨੇ ਭਾੜੇ ਉਤੇ ਲਿਆਂਦਾ ਸੀ।

ਭਾਰਤੀ ਨੇਵੀ ਨੇ ਉਹ ਸਾਰੇ ਵਿਅਕਤੀ ਫੜ ਕੇ ਮਾਲਦੀਵ ਸਰਕਾਰ ਹਵਾਲੇ ਕਰ ਦਿੱਤੇ ਹਨ। ਮਾਲਦੀਵ 2000 ਜਜ਼ੀਰਿਆਂ ਦਾ ਛੋਟਾ ਜਿਹਾ ਦੇਸ਼ ਹੈ ਜੋ ਭਾਰਤ ਦੇ ਦੱਖਣ ਤੋਂ ਲਗਪਗ 600 ਕਿਲੋਮੀਟਰ ਹੈ।

ਸ.ਫ਼ਰਨਾਮਾ

ਵੈਨਕੂਵਰ ਤੋਂ ਇੰਗਲੈਂਡ

ਕਿਸ਼ਤ ਅੱਠਵੀਂ

—ਰਘੁਬੀਰ ਢੰਡ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

5 ਜੂਨ, 1988 (ਐਤਵਾਰ)

ਐਤਵਾਰ ਹੋਣ ਕਰਕੇ ਸਵੇਰੇ ਉਠਣ ਦੀ ਮਜਬੂਰੀ ਨਹੀਂ ਸੀ। ਨਾ ਹੀ ਅਜਿਹਾ ਕੋਈ ਪ੍ਰੋਗਰਾਮ ਸੀ ਜਿਹੜਾ ਜਲਦੀ ਦੀ ਮੰਗ ਕਰਦਾ ਹੋਵੇ। ਨਿਤਨੇਮ ਅਨੁਸਾਰ ਭਾਫ ਲਈ ਅਤੇ ਇਸ਼ਨਾਨ ਕੀਤਾ। ਹੁਣ ਮੇਰੀ ਸਿਹਤ ਬਹੁਤ ਠੀਕ ਸੀ, ਹਾਲਾਂ ਕਿ ਮੈਂ ਇੰਜ ਮਸਰੂਫ ਰਿਹਾ ਸਾਂ ਜਿਵੇਂ ਹਨੂਮਾਨ ਦੀ ਪੂੰਛ ਨੂੰ ਅੱਗ ਲੱਗੀ ਹੋਈ ਹੋਵੇ। ਪਰ ਮੇਰਾ ਹਮੇਸ਼ਾ ਇਹੀ ਵਿਸ਼ਵਾਸ ਰਿਹਾ ਹੈ ਕਿ ਇਨਸਾਨ ਆਪਣਾ ਸਿਰ ਅਤੇ ਹੌਸਲਾ ਬੁਲੰਦ ਰੱਖੇ ਤਾਂ ਲਾ-ਇਲਾਜ ਤਕਲੀਫਾਂ ਵੀ ਉਸ ਨੂੰ ਹਰਾ ਨਹੀਂ ਸਕਦੀਆਂ।

ਪ੍ਰਕਾਸ਼ ਤੇ ਹਰਮਿੰਦਰ ਭੈਣ ਜੀ ਸ਼ਾਪਿੰਗ ਦਾ ਪ੍ਰੋਗਰਾਮ ਬਣਾਈ ਬੈਠੀਆਂ ਸਨ। ਮੈਂ ਪ੍ਰਕਾਸ਼ ਨੂੰ ਆਖਿਆ ਕਿ ਮੇਰੇ ਵਾਸਤੇ ਖਾਸਾ ਸਾਰਾ ਗੁੜ ਖਰੀਦ ਕੇ ਇੰਗਲੈਂਡ ਨੂੰ ਲੈ ਚਲੋ। ਮੈਂ ਤੇ ਗੁਰਨਾਮ ਐਸੋਸੀਏਸ਼ਨ ਆਫ ਇੰਡੀਆਂ ਕਮਿਊਨਿਸਟ ਦੀ ਮੀਟਿੰਗ 'ਤੇ ਚਲੇ ਗਏ। ਮੇਰੇ ਸਨਮਾਨ ਵਿਚ ਹੀ ਇਹ ਮੀਟਿੰਗ ਕਾਮਰੇਡ ਜੀਤ ਸਿੰਘ ਅਣਖੀ ਦੇ ਘਰ ਰੱਖੀ ਗਈ ਸੀ। ਸਾਡੇ ਨਾਲ ਕਾਰ ਵਿਚ 74-ਸਾਲਾ ਬਜ਼ੁਰਗ ਕਾਮਰੇਡ ਪਰਮਾਨੰਦ ਗਿੱਲ ਵੀ ਸਨ, ਜਿਹੜੇ ਪਿਛੋਂ ਬੋਪਾਰਾਏ ਖੁਰਦ ਦੇ ਵਸਨੀਕ ਸਨ। ਉਹ ਸਾਰੀ ਉਮਰ ਹੀ ਪਾਰਟੀ ਦੇ ਸਰਗਰਮ ਮੈਂਬਰ ਰਹੇ ਸਨ ਅਤੇ ਇਥੇ ਆਪਣੇ ਲੜਕੇ ਕੋਲ ਅੱਖਾਂ ਦਾ ਇਲਾਜ ਕਰਵਾਉਣ ਆਏ ਹੋਏ ਸਨ। ਉਹਨਾਂ ਨੂੰ ਮਿਲ ਮਾਲਵੇ ਦੇ ਬੇਦਾਗ ਕਾਮਰੇਡ ਯਾਦ ਆਏ ਅਤੇ ਕਾਮਰੇਡ ਹਰਨਾਮ ਸਿੰਘ ਚਮਕ, ਭੱਠਲ ਤੇ ਕੌਲਸੇੜੀ ਬਾਰੇ ਗੱਲਾਂ ਹੁੰਦੀਆਂ ਰਹੀਆਂ। ਉਹ ਬੜੇ ਸੁਲਝੇ ਹੋਏ ਕਾਮਰੇਡ ਸਨ। ਉਂਜ ਵੀ ਹਮ-ਖਿਆਲ ਲੋਕਾਂ ਨਾਲ ਮਿਲਣੀਆਂ ਹੁੰਦੀਆਂ ਹੀ ਬੜੀਆਂ ਸੁਖਾਵੀਆਂ ਹਨ। ਉਹਨਾਂ ਨਾਲ ਵਿਸਥਾਰ ਵਿਚ ਵਿਰੋਧ ਤਾਂ ਹੋ ਸਕਦਾ ਹੈ, ਬੁਨਿਆਦੀ ਪਹੁੰਚ ਸਾਂਝੀ ਹੀ ਹੁੰਦੀ ਹੈ। ਉਹਨਾਂ ਨਾਲ ਫੋਟੋ ਖਿਚਵਾ ਮੈਂ ਆਪਣੇ ਆਪ ਨੂੰ ਵੱਡਾ-ਵੱਡਾ ਮਹਿਸੂਸ ਕੀਤਾ।

ਮੀਟਿੰਗ ਵਿਚ ਮੈਨੂੰ ਦੱਸਿਆ ਗਿਆ ਕਿ ਪਾਰਟੀ ਦੇ ਤੀਹ ਮੈਂਬਰ ਹਨ। ਲੋਕਤਾ ਨਾਂ ਦਾ ਪਰਚਾ ਵੀ ਬਾਕਾਇਦਾ ਨਿਕਲ ਰਿਹਾ ਹੈ ਅਤੇ ਪਾਰਟੀ ਨੇ ਅਤਿਵਾਦ-ਵੱਖਵਾਦ-ਮੂਲਵਾਦ ਵਿਰੁਧ ਡਟ ਕੇ ਸਟੈਂਡ ਲਿਆ ਹੈ। ਮੈਂ ਵੀ ਉਨ੍ਹਾਂ ਨੂੰ ਦੱਸਿਆ ਕਿ ਇੰਗਲੈਂਡ ਵਿਚ ਇਸ ਵਿਰੁਧ ਜੇ ਕਿਸੇ ਨੇ ਡਟ ਕੇ ਲੜਾਈ ਦਿੱਤੀ ਹੈ ਤਾਂ ਉਹ ਹਨ ਐਸੋਸੀਏਸ਼ਨ ਆਫ ਇੰਡੀਅਨ ਕਮਿਊਨਿਸਟਸ ਅਤੇ ਨਕਸਲਬਾੜੀਆਂ ਵਾਲੀਆਂ ਮਜ਼ਦੂਰ ਸਭਾਵਾਂ ਪੰਡਤ ਵਿਸ਼ਨੂ ਦੱਤ ਸ਼ਰਮਾ ਤੇ ਉਹਦੇ ਸੀ. ਪੀ. ਆਈ. ਦੇ ਸਾਥੀ, ਮਾਰਕਸਵਾਦੀ ਵਿਚਾਰਧਾਰਾ ਨਾਲ ਵਚਨਬੱਧ ਲਿਖਾਰੀ ਭਾਈਚਾਰਾ ਅਤੇ "ਪੰਜਾਬੀ ਦਰਪਣ" ਅਖਬਾਰ, ਬਿਲਕੁਲ ਜਿਵੇਂ "ਕੈਨੇਡਾ ਦਰਪਣ" ਹੈ।

ਮੇਰਾ ਬੜਾ ਮਾਣ ਕੀਤਾ ਗਿਆ ਹਾਲਾਂਕਿ ਮੈਂ ਬਹੁਤ ਹੀ ਸੁਤੰਤਰ ਵਿਚਾਰਾਂ ਵਾਲਾ ਮਾਰਕਸਵਾਦੀ ਲੇਖਕ ਹਾਂ ਅਤੇ ਕਦੀ ਕਿਸੇ ਦਾ 'ਜੀ ਹਜ਼ੂਰੀਆ' ਨਹੀਂ ਬਣ ਸਕਦਾ। ਜੇ ਮੈਂ ਸਟਾਲਿਨ ਦੇ ਅਹਿਦ ਵਿਚ ਰੂਸ ਦਾ ਵਸਨੀਕ ਹੁੰਦਾ ਤਾਂ ਮੈਨੂੰ ਤੇ ਮੇਰੇ ਪਰਿਵਾਰ ਨੂੰ ਮਾਰਿਆ ਜਾਂ ਸਾਇਬੇਰੀਆ ਵਿਚ ਵਿਚ ਸੁਟਿਆ ਹੋਣਾ ਸੀ। ਇੰਗਲੈਂਡ ਦੀ ਲੀਡਰਸ਼ਿਪ ਨੇ ਮੈਨੂੰ ਕਈ ਵਾਰ ਮੈਂਬਰ ਵੀ ਨਹੀਂ ਸਮਝਿਆ। ਪਰ ਮੈਂ ਸੀ. ਪੀ. ਐਮ. ਨੂੰ ਭਾਰਤ ਦੀਆਂ ਸਾਰੀਆਂ ਪਾਰਟੀਆਂ ਨਾਲੋਂ ਜ਼ਿਆਦਾ ਠੀਕ ਪਾਰਟੀ ਸਮਝ ਇਸ ਨਾਲ ਆਪਣਾ ਨਾਤਾ ਜੋੜੀ ਰੱਖਿਆ ਹੈ। ਜਦੋਂ ਵੀ ਮੈਂ ਮਹਿਸੂਸ ਕਰਦਾ ਹਾਂ ਕਿ ਇਸ ਦੀ ਫਲਾਣੀ ਨੀਤੀ ਠੀਕ ਨਹੀਂ ਹੈ ਤਾਂ ਫੌਰਨ ਉਸ ਦੀ ਨੁਕਤਾਚੀਨੀ ਵੀ ਕਰਦਾ ਹਾਂ, ਅਤੇ ਜ਼ਰੂਰੀ ਨਹੀਂ ਕਿ ਉਹ ਨੁਕਤਾਚੀਨੀ ਠੀਕ ਹੀ ਹੋਵੇ। ਮੈਂ ਤੇ ਮੇਰਾ ਪਰਿਵਾਰ ਔਸਤਨ ਵੀਹ ਪੌਂਡ ਮਹੀਨਾ ਪਾਰਟੀ ਨੂੰ ਭੇਂਟ ਕਰਦੇ ਹਾਂ। ਇਹ ਕੋਈ ਟੈਕਸ ਨਹੀਂ ਹੈ। ਜਦੋਂ ਠੀਕ ਨਹੀਂ ਸਮਝਾਂਗਾ, ਨਹੀਂ ਭੇਜਾਂਗਾ। ਸਾਡੇ ਬੱਚਿਆਂ ਦੇ ਮਨ ਵਿਚ ਪਾਰਟੀ ਦਾ ਤਸੱਵਰ ਇਕ ਮੰਦਰ ਵਰਗਾ ਹੈ। ਜਦੋਂ ਸਾਡੀ ਲੜਕੀ ਅੰਜੁਮ ਐਮ. ਬੀ. ਬੀ. ਐਸ. ਵਿਚੋਂ ਪਾਸ ਹੋਈ ਤਾਂ ਉਸ ਨੇ ਇੱਕੀ ਪੌਂਡ ਪਾਰਟੀ ਲਈ ਅਤੇ ਇਕ ਪਾਇੰਟ ਬਲੱਡ ਦਾਨ ਕੀਤਾ। ਮੈਂ ਪਾਰਟੀ ਦੇ ਲੀਡਰਾਂ ਨੂੰ ਬਹੁਤ ਹੀ ਆਦਰ ਨਾਲ ਮਿਲਦਾ ਹਾਂ, ਪਰ ਜੇ ਕੋਈ ਆਪਣੇ-ਆਪ ਨੂੰ ਕੁਝ ਸਮਝੇ ਤੇ ਤਮੀਜ਼ ਨਾਲ ਪੇਸ਼ ਨਾ ਆਵੇ ਤਾਂ ਉਸ ਦੀ ਲਿਖ ਕੇ ਸ਼ਿਕਾਇਤ ਕਰਦਾ ਹਾਂ ਤੇ ਇਕ ਕਾਪੀ ਉਸ ਬਦਤਮੀਜ਼ ਨੂੰ ਵੀ ਭੇਜਦਾ ਹਾਂ। ਮੈਂ ਇੱਕ ਲੇਖਕ ਹਾਂ, ਵਫਾਦਾਰ ਕੁੱਤਾ ਨਹੀਂ ਹਾਂ। ਖਲੂਸ-ਭਰਿਆ ਸਲੂਕ ਮੇਰੀ ਘੱਟੋ-ਘੱਟ ਮੰਗ ਹੈ। ਮੈਂ ਸੁਤੰਤਰ ਆਤਮਾ ਨਾਲ ਕਿਰਤੀਆਂ ਦੇ ਹੱਕ ਵਿਚ ਲਿਖਣਾ ਚਾਹੁੰਦਾ ਹਾਂ। ਮੈਂ ਸਮਝਦਾ ਹਾਂ ਕਿ ਸਟਾਲਿਨ, ਕੌਸੇਸਕੂ ਤੇ ਕਿਮ ਇਲ ਸੁੰਗ ਦੇ ਨੌਕਰਸ਼ਾਹ ਰਾਜਾਂ ਵਿਚ ਗਿਣਤੀ ਪੱਖੋਂ ਤਾਂ ਬਹੁਤ ਸਾਹਿਤ ਰਚਿਆ ਜਾ ਸਕਦਾ ਹੈ, ਪਰ ਮੌਲਿਕ ਤੇ ਗੁਣ ਪੱਖੋਂ ਨਹੀਂ। ਲੇਖਕ ਲਈ ਵਿਸ਼ਾਲਤਾ ਤੇ ਆਜ਼ਾਦੀ ਬਹੁਤ ਜ਼ਰੂਰੀ ਹੈ। ਜੇ ਕੋਈ ਪਾਰਟੀ ਲੇਖਕ ਤੇ ਪਾਬੰਦੀਆਂ ਲਾਉਂਦੀ ਹੈ ਤਾਂ ਲੇਖਕ ਨੂੰ ਉਸ ਪਾਰਟੀ ਦਾ ਮੈਂਬਰ ਨਹੀਂ ਰਹਿਣਾ ਚਾਹੀਦਾ। ਮੈਂ ਪੂਰੀ ਈਮਾਨਦਾਰੀ ਨਾਲ ਸਮਝਦਾ ਹਾਂ ਕਿ ਭਾਰਤ ਵਿਚ ਸੀ. ਪੀ. ਐਮ. ਦੀ ਅਗਵਾਈ ਵਿਚ ਬਣੀਆਂ ਬੰਗਾਲ, ਤ੍ਰੀਪੁਰਾ ਤੇ ਕੇਰਲ ਦੀਆਂ ਸਰਕਾਰਾਂ ਨੇ, ਵਿਧਾਨ ਦੀ ਸੀਮਾ ਹੁੰਦਿਆਂ ਵੀ, ਲੋਕ-ਹਿਤਾਂ ਲਈ ਕੰਮ ਕੀਤਾ ਹੈ ਅਤੇ ਲੋਕਾਂ ਵਿਚ ਅਜਿਹੀ ਸਾਖ ਬਣਾ ਲਈ ਹੈ ਕਿ ਕਾਂਗਰਸ ਪਾਰਟੀ ਇਹਨਾਂ ਸੂਬਿਆਂ ਵਿਚ ਗੁੰਡਾਗਰਦੀ, ਪੁਲਿਸ ਤੇ ਫੌਜ ਨਾਲ ਤਾਂ ਚੋਣਾਂ ਜਿੱਤ ਸਕਦੀ ਹੈ, ਈਮਾਨਦਾਰੀ ਨਾਲ ਨਹੀਂ।

ਮੀਟਿੰਗ ਖਤਮ ਹੋਈ ਤੇ ਮੈਂ ਗਿਆਰਾਂ ਡਾਲਰ ਪਾਰਟੀ-ਸਭਾ ਨੂੰ ਭੇਂਟ ਕੀਤੇ

ਪਾਰਟੀ ਦੀ ਮੀਟਿੰਗ ਦਾ ਭੋਗ ਪਾ ਅਸੀਂ ਸੁਰਿੰਦਰ ਸੰਘੇ ਦੇ ਘਰ ਰੋਟੀ ਖਾਣ ਚਲੇ ਗਏ। ਸੁਰਿੰਦਰ ਦੇ ਛੋਟੇ ਭਰਾ ਕੁਲਬੀਰ ਦਾ ਪਰਿਵਾਰ ਵੀ ਉਥੇ ਆਇਆ ਹੋਇਆ ਸੀ ਅਤੇ ਅਣਖੀ ਦਾ ਵੀ। ਅਸੀਂ ਸਿਆਸਤ, ਸਾਹਿਤ ਅਤੇ ਬੱਚਿਆਂ ਦੇ ਭਵਿਖ ਬਾਰੇ ਗੱਲਾਂ ਕਰਦੇ ਰਹੇ। ਨਾਲ ਸਿਤਾਰ, ਸ਼ਹਿਨਾਈ ਤੇ ਸਾਰੰਗੀ ਦੀਆਂ ਟੇਪਾਂ ਵਜਦੀਆਂ ਰਹੀਆਂ। ਸੁਰਿੰਦਰ ਨੇ ਮੇਰਾ ਉਚੇਚਾ ਆਦਰ ਕਰਦਿਆਂ ਆਖਿਆ: "ਮੈਂ ਸਾਰਿਆਂ ਨਾਲ ਅਜਿਹਾ ਸਲੂਕ ਨਹੀਂ ਕਰਦਾ। ਤੁਹਾਨੂੰ ਮੈਂ ਵਿਸ਼ੇਸ਼ ਤੌਰ 'ਤੇ ਪਸੰਦ ਕੀਤਾ ਹੈ।"

ਮੈਂ ਉਸ ਦਾ ਧੰਨਵਾਦ ਕਰਦਿਆਂ ਆਖਿਆ: "ਸ਼ੁਕਰੀਆ! ਪਰ ਏਨੀ ਛੇਤੀ ਕਿਸੇ ਬਾਰੇ ਰਾਇ ਨਹੀਂ ਬਣਾਈਦੀ। ਪਹਿਲੀਆਂ ਮਿਲਣੀਆਂ ਵਿਚ ਤਾਂ ਇਨਸਾਨ ਦਾ ਚੰਗਾ ਪੱਖ ਹੀ ਉਜਾਗਰ ਹੁੰਦਾ ਹੈ। ਜ਼ਿੰਦਗੀ ਦੀ ਮਹਾਨ ਸ਼ਾਹਰਾਹ ਤੇ ਹੀ ਇਨਸਾਨ ਦੀ ਪਰਖ ਹੁੰਦੀ ਹੈ।

ਸੁਰਿੰਦਰ ਨੇ ਵੀ ਮੈਨੂੰ ਬਹੁਤ ਪ੍ਰਭਾਵਤ ਕੀਤਾ। ਉਹ ਬੇਬਾਕ ਕਾਮਰੇਡ ਹੈ। ਆਪਣੇ ਪਰਿਵਾਰ ਨਾਲ ਉਸ ਦੀ ਬੜੀ ਡੂੰਘੀ ਸਾਂਝ ਹੈ। ਉਹ ਆਪਣੇ ਬੱਚਿਆਂ ਦੇ ਭਵਿਖ ਵਿਚ ਬਹੁਤ ਦਿਲਚਸਪੀ ਲੈਂਦਾ ਹੈ। ਆਪਣੀ ਪਤਨੀ ਨੂੰ ਬਰਾਬਰੀ ਦਾ ਅਧਿਕਾਰ ਅਮਲੀ ਰੂਪ ਵਿਚ ਦਿੰਦਾ ਹੈ ਅਤੇ ਪੜ੍ਹਦਾ ਵੀ ਹੈ।

ਬਹੁਤ ਪਿਆਰ ਨਾਲ ਬਣਾਇਆ ਸੁਆਦੀ ਭੋਜਨ ਖਾਧਾ ਅਤੇ ਰਾਤ ਕਾਫੀ ਹੋ ਜਾਣ ਕਰਕੇ ਘਰ ਨੂੰ ਪਰਤ ਆਏ। ਬੜਾ ਯਾਦਗਾਰੀ ਦਿਨ ਸੀ।

6 ਜੂਨ, 1988 (ਸੋਮਵਾਰ)

ਅੱਜ ਬਹੁਤ ਨਿਖਰਿਆ-ਖਿੜਿਆ ਹੋਇਆ ਦਿਨ ਚੜ੍ਹਿਆ ਸੀ। ਮੇਰੀ ਸਿਹਤ ਬਹੁਤ ਠੀਕ ਸੀ। ਪ੍ਰਕਾਸ਼ ਤੇ ਭੈਣ ਜੀ ਹਰਮਿੰਦਰ ਖਰੀਦਾਰੀ ਕਰਨ ਚਾਈਨਾ ਟਾਊਨ ਚਲੀਆਂ ਗਈਆਂ। ਵਾਪਸ ਆ ਹਰਮਿੰਦਰ ਤਾਂ ਕੰਮ ਤੇ ਚਲੀ ਗਈ ਅਤੇ ਅਸੀਂ ਬੀ ਜੀ ਨੂੰ ਨਾਲ ਲੈ ਡਾਕਟਰ ਸ਼ਸ਼ੀ ਦੇ ਚਲੇ ਗਏ। ਡਾਕਟਰ ਕਿਸੇ ਬੀਮਾਰ ਨੂੰ ਵੇਖਣ ਬਾਹਰ ਗਈ ਹੋਈ ਸੀ। ਅਸੀਂ ਕਿਤਾਬਾਂ ਮੋੜਨ ਯੂਨੀਵਰਸਿਟੀ ਚਲੇ ਗਏ। ਪ੍ਰਕਾਸ਼ ਪੰਜਾਬੀ ਮਾਰਕੀਟ ਵਿਚ ਸੈਰ ਕਰਦੀ ਰਹੀ। ਡਾਕਟਰ ਸ਼ਸ਼ੀ ਦੀ ਜਵਾਨ ਭਾਰਤੀ ਸੈਕਟਰੀ ਦਾ ਸਲੂਕ ਬਹੁਤ ਮਿੱਠਾ ਸੀ, ਹਾਲਾਂਕਿ ਭਾਰਤੀ ਸੈਕਟਰੀਆਂ ਦਾ ਸਲੂਕ ਅਕਸਰ ਮਾੜਾ ਹੀ ਹੁੰਦਾ ਹੈ।

ਜਿੰਨੀ ਦੇਰ ਬੀ ਜੀ ਡਾਕਟਰ ਦੀ ਉਡੀਕ ਕਰਦੇ ਰਹੇ, ਮੈਂ ਤੇ ਪ੍ਰਕਾਸ਼ ਪੰਜਾਬੀ ਮਾਰਕਿਟ ਦੀ ਸੈਰ ਕਰਦੇ ਰਹੇ। ਬਿਲਕੁਲ ਸਾਊਥਾਲ ਸੀ। ਆਪਣਿਆਂ ਬੰਦਿਆਂ ਨੂੰ ਵੇਖ ਅੱਖਾਂ ਠਰਦੀਆਂ ਸਨ, ਮਨ ਪ੍ਰਸੰਨ ਹੁੰਦਾ ਸੀ। ਇਕ ਪਾਨਾਂ ਦੀ ਦੁਕਾਨ ਵੇਖ ਮੈਂ ਪਾਨ ਲੈਣ ਚਲਿਆ ਗਿਆ। ਆਖਿਆ: "ਜਨਾਬ ਮੈਂ ਬਰੈਡਫੋਰਡ ਦਾ ਵਸਨੀਕ ਹਾਂ ਜਿਹੜਾ ਪਾਨਾਂ ਦਾ ਘਰ ਐ। ਦੋ ਮਿੱਠੇ ਤੇ ਵਧੀਆ ਪਾਨ ਦੇਣਾ ਤਾਂ ਕਿ ਤੁਹਾਡੇ ਵੀ ਸ਼ਹਿਰ ਨੂੰ ਯਾਦ ਰੱਖੀਏ।" ਉਸ ਨੇ ਪਾਨ ਤਾਂ ਦੇ ਦਿੱਤੇ ਪਰ ਨਾ ਤਾਂ ਮੁਸਕਾਇਆ ਤੇ ਨਾ ਹੀ ਮੇਰੇ ਨਾਲ ਕੋਈ ਗੱਲ ਕੀਤੀ, ਹਾਲਾਂਕਿ ਦੁਕਾਨ ਵਿਚ ਮੈਂ ਇਕੱਲਾ ਹੀ ਸਾਂ। ਅੱਕਿਆ ਜਿਹਾ ਫਿਰਦਾ ਸੀ। ਸਾਰੇ ਭਾਰਤੀਆਂ ਦਾ ਇਹੀ ਹਾਲ ਹੈ। ਪੈਸੇ ਦੇ ਲਾਲਚ ਵਿਚ ਦੋ-ਦੋ, ਤਿੰਨ-ਤਿੰਨ ਬੰਦਿਆਂ ਜਿੰਨਾ ਸੱਤੇ ਦਿਨ ਕੰਮ ਕਰਕੇ ਆਪਣੀ ਮੁਸ਼ਕੀ ਹੋਈ ਦੇਹ ਲਕਸ਼ਮੀ ਮਾਤਾ ਦੀ ਭੇਂਟ ਕਰਨ ਦੇ ਮੁਕਾਬਲੇ ਕਰ ਰਹੇ ਹਨ। ਪਾਨ ਮੈਂ ਜੇਬ ਵਿਚ ਪਾ ਲਏ। ਬਾਜ਼ਾਰ ਵਿਚ ਪਾਨ ਖਾਂਦੇ ਜਾਣਾ ਬੜਾ ਘਿਨਾਉਣਾ ਜਿਹਾ ਦ੍ਰਿਸ਼ ਜਾਪਦਾ ਹੈ। ਵਿਹਲੇ ਹੋਏ, ਬੀ ਜੀ ਨੂੰ ਘਰ ਛੱਡਿਆ ਅਤੇ ਭੈਣ ਜੀ ਹਰਮਿੰਦਰ ਨੂੰ ਕੰਮ ਤੋਂ ਲਿਆ ਅਤੇ ਕਾਮਰੇਡ ਬਾਸੀ ਦੇ ਘਰ ਨੂੰ ਚੱਲ ਪਏ, ਜਿਥੇ ਅੱਜ ਸਾਨੂੰ ਰੋਟੀ 'ਤੇ ਸੱਦਿਆ ਹੋਇਆ ਸੀ। ਰਾਹ ਵਿਚ ਮੈਂ ਮਿਲਕਸ਼ੇਕ ਪੀਣ ਦੀ ਇੱਛਾ ਪ੍ਰਗਟ ਕੀਤੀ ਅਤੇ ਗੁਰਨਾਮ ਨੇ ਵਿੰਗ ਪਾ ਕੇ ਵੀ ਡੇਅਰੀ ਕੁਈਨ ਲੱਭੀ ਤੇ ਮਿਲਕਸ਼ੇਕ ਲਈ ਭਟਕਦੀ ਮੇਰੀ ਰੂਹ ਸੀਤਲ ਕੀਤੀ।

ਬਾਸੀ ਸਾਹਿਬ ਕੇ ਘਰ ਪੁਜੇ। ਉਹਨਾਂ ਸਾਡਾ ਪੁਰਜ਼ੋਰ ਸੁਆਗਤ ਕੀਤਾ। ਬਾਸੀ ਦੀ ਪਤਨੀ ਸ਼ਵਿੰਦਰ ਭੈਣ ਜੀ ਬੜੀ ਹੱਸੂ-ਹੱਸੂ ਕਰਨ ਵਾਲੀ ਬੀਬੀ ਹੈ ਅਤੇ ਉਸ ਨੂੰ ਪੜ੍ਹਨ ਦਾ ਵੀ ਬੜਾ ਸ਼ੌਕ ਹੈ। ਹੌਲੀ ਹੌਲੀ ਸੂਫੀ ਸਾਹਿਬ, ਦਰਸ਼ਨ ਗਿੱਲ ਅਤੇ ਉਹਦੀ ਪਤਨੀ ਚਰਨਜੀਤ, ਸੁਰਿੰਦਰ ਸੰਘਾ ਤੇ ਉਹਦਾ ਪਤਨੀ ਸਤਵੰਤ, ਅਣਖੀ ਤੇ ਉਹਦਾ ਕਾਕਾ ਵੀ ਆ ਗਏ। ਸਾਹਿਤ ਤੇ ਸਿਆਸਤ ਦੀਆਂ ਗੱਲਾਂ ਚਲਦੀਆਂ ਰਹੀਆਂ। ਫਿਰ ਖਾਣਾ ਖਾਧਾ। ਸਾਰੀਆਂ ਸੁਆਣੀਆਂ ਨੇ ਰਲ ਕੇ ਖਾਣਾ ਤਿਆਰ ਕੀਤਾ। ਜਦੋਂ ਮੈਂ ਖਾਣਾ ਖਾ ਕੇ ਆਪਣੀ ਪਲੇਟ ਕਿਚਨ ਵਿਚ ਰੱਖਣ ਗਿਆ ਤਾਂ ਬਾਸੀ ਸਾਹਿਬ ਵੀ ਆਪਣੀ ਪਲੇਟ ਚੁੱਕ ਮੇਰੇ ਨਾਲ ਤੁਰ ਪਏ। ਭੈਣ ਜੀ ਸ਼ਵਿੰਦਰ ਆਖਣ ਲੱਗੀ: "ਭਾਅ ਜੀ, ਜੇ ਤੁਸੀਂ ਸਾਡੇ ਕੋਲ ਕੁਝ ਸਮਾਂ ਹੋਰ ਰਹੋ ਤਾਂ ਇਹ ਵੀ ਤੁਹਾਡੇ ਵਾਂਗ ਭਾਂਡੇ ਧੋਣ ਤੇ ਸਬਜ਼ੀ ਬਣਾਉਣ ਲੱਗ ਜਾਣਗੇ।"

ਵਿਹਲੇ ਹੋ ਸਾਰੇ ਸਿਟਿੰਗ ਰੂਮ ਵਿਚ ਬੈਠ ਗਏ। ਗੁਰਨਾਮ ਨੇ ਮੈਨੂੰ ਕਹਾਣੀ ਸੁਣਾਉਣ ਲਈ ਆਖਿਆ। ਮੈਂ ਕਦੀ ਕਹਾਣੀ ਨਹੀਂ ਸੁਣਾਉਂਦਾ ਜਿੰਨਾ ਚਿਰ ਕੋਈ ਪਿਆਰ ਤੇ ਸ਼ਰਧਾ ਨਾਲ ਨਹੀਂ ਆਖਦਾ। ਖੈਰ, ਮੈਂ ਆਪਣੀ ਇਕ ਲੰਮੀ ਕਹਾਣੀ "ਕੁਰਸੀ" ਸੁਣਾਈ। ਵਿਚਕਾਰ ਟੈਲੀਫੋਨ ਆ ਗਿਆ ਤੇ ਭੈਣ ਜੀ ਸ਼ਵਿੰਦਰ ਸੁਣਨ ਚਲੇ ਗਏ। ਵਾਪਸ ਆ ਆਖਣ ਲੱਗੇ ਕਿ ਉਹ ਹਿੱਸਾ ਮੁੜ ਸੁਣਾ ਦੇਵੋ ਜਿਹੜਾ ਮੈਂ ਸੁਣ ਨਹੀਂ ਸਕੀ। ਮੈਂ ਸੁਣਾ ਦਿੱਤਾ। ਕਹਾਣੀ ਦਾ ਭੋਗ ਪਿਆ ਤਾਂ ਸਾਰਿਆਂ ਨੇ ਬਹੁਤ ਪਸੰਦ ਕੀਤੀ। ਮੈਂ ਆਖਿਆ: ਯਾਰ, ਇੱਕ-ਅੱਧਾ ਤਾਂ ਨਿੰਦਣ ਵਾਲਾ ਤੇ ਵਹਾਉ ਤੋਂ ਉਲਟ ਤੁਰਨ ਵਾਲਾ ਹੋਣਾ ਹੀ ਚਾਹੀਦਾ ਹੈ। ਅਮਰਜੀਤ ਸੂਫੀ ਜ਼ਰਾ ਜਲਦੀ ਚਲਿਆ ਗਿਆ ਤੇ ਉਸ ਨੇ ਘਰ ਜਾ ਕੇ ਮੈਨੂੰ ਫੋਨ ਕੀਤਾ ਕਿ ਕਹਾਣੀ ਮੈਨੂੰ ਬਹੁਤ ਪਸੰਦ ਆਈ ਹੈ। ਸਤਿਅਮ, ਸ਼ਿਵਮ, ਸੁੰਦਰਮ ਦਾ ਸੁਮੇਲ ਹੈ। ... ਗੁਰਨਾਮ ਨੇ ਇਸ ਨੂੰ ਕਲਾ ਦੀ ਸਿਖਰ ਆਖਿਆ। ਪਰ ਮੈਂ ਧੰਨਵਾਦ ਕਰਦਿਆਂ ਆਖਿਆ: "ਆਪਣੇ ਪਿਆਰਿਆਂ ਦੀਆਂ ਸਾਰੀਆਂ ਚੀਜ਼ਾਂ ਹੀ ਪਸੰਦ ਹੁੰਦੀਆਂ ਨੇ। ਇਕੱਲੇ ਆਦਮੀ ਦੀ ਕਿਰਤ ਹੈ। ਨੁਕਸ ਵੀ ਜ਼ਰੂਰ ਹੋਣਗੇ। ਕਲਾ ਵਿਚ ਕੋਈ ਸਿਖਰ ਨਹੀਂ ਹੁੰਦੀ।"

ਬਾਰਾਂ ਵੱਜ ਗਏ ਸਨ। ਉਠਣ ਨੂੰ ਦਿਲ ਨਹੀਂ ਸੀ ਕਰਦਾ। ਪਰ ਉਠਣਾ ਤਾਂ ਸੀ ਹੀ। ਵਾਪਸ ਆਉਂਦਿਆਂ ਮੈਂ ਕਾਰ ਵਿਚ ਪਾਨ ਖਾਧਾ ਅਤੇ ਸ਼ਹਿਰ 'ਤੇ ਛਾਈ ਦੀਪਮਾਲਾ ਵੇਖਦਾ ਘਰ ਆ ਗਿਆ।

ਪਾਠਕਾਂ ਦੇ ਧਿਆਨ ਹਿਤ

ਰਘੁਬੀਰ ਢੰਡ ਹੋਰਾਂ ਦਾ ਇਹ ਸਫ਼ਰਨਾਮਾ ਸਾਡੇ ਬਹੁਤੇ ਪਾਠਕਾਂ ਨੇ ਕਾਫ਼ੀ ਪਸੰਦ ਕੀਤਾ ਹੈ ਪਰ ਕਈਆਂ ਪਾਠਕਾਂ ਨੇ ਇਤਰਾਜ਼ ਵੀ ਕੀਤੇ ਹਨ। ਇਸ 'ਸਫ਼ਰਨਾਮੇ' ਵਿਚ ਪ੍ਰਗਟਾਏ ਵਿਚਾਰ ਡਾ: ਰਘੁਬੀਰ ਢੰਡ ਦੇ ਨਿੱਜੀ ਵਿਚਾਰ ਹਨ ਜਿਵੇਂ ਹੋਰ ਲੇਖਾਂ ਵਿਚ ਲੇਖਕਾਂ ਦੇ ਆਪਣੇ ਆਪਣੇ ਵਿਚਾਰ ਹੁੰਦੇ ਹਨ ਤੇ ਉਨ੍ਹਾਂ ਨਾਲ ਸਹਿਮਤ ਹੋਣਾ 'ਕੈਨੇਡਾ ਦਰਪਣ' ਲਈ ਜ਼ਰੂਰੀ ਨਹੀਂ। ਇਸੇ ਤਰ੍ਹਾਂ ਰਘੁਬੀਰ ਢੰਡ ਦੇ ਕੁਝ ਵਿਅਕਤੀਆਂ ਜਾਂ ਲੇਖਕਾਂ ਬਾਰੇ ਆਪਣੇ ਨਿੱਜੀ ਅਨੁਭਵ ਹੋ ਸਕਦੇ ਹਨ — ਉਸ ਨਾਲ 'ਕੈਨੇਡਾ ਦਰਪਣ' ਦਾ ਕੋਈ ਸੰਬੰਧ ਨਹੀਂ ਹੈ। ਸਾਡੀ ਪਾਠਕਾਂ ਸਾਹਮਣੇ ਗੁਜ਼ਾਰਿਸ਼ ਹੈ ਕਿ ਇਸ ਸਫ਼ਰਨਾਮੇ ਨੂੰ ਰਘੁਬੀਰ ਢੰਡ ਦੇ ਵਿਚਾਰ ਸਮਝਕੇ ਹੀ ਪੜ੍ਹਿਆ ਜਾਵੇ। ਕੁਝ ਲੋਕ ਸਾਰਾ ਦੋਸ਼ ਅਖਬਾਰਾਂ ਸਿਰ ਮੜ੍ਹਨ ਦੇ ਆਦੀ ਹੋ ਚੁਕੇ ਹਨ ਜਦ ਕਿ ਅਖਬਾਰਾਂ ਨੇ ਲੇਖਕਾਂ ਤੇ ਪਾਠਕਾਂ ਦੇ ਵਿਚਾਰਾਂ ਨੂੰ ਹੀ ਛਾਪਣਾ ਹੁੰਦਾ ਹੈ।

—ਸੰਪਾਦਕੀ ਮੰਡਲ

ਸਦਾ-ਬਹਾਰ ਸਮ੍ਰਿਤੀ ਸੁਪਨਾ

ਗੁਰਚਰਨ ਰਾਮਪੁਰੀ


ਮੈਂ ਤੇਰੇ ਜੀਵਨ ਦੇ ਨਿਰਮਲ ਸ਼ਾਂਤ ਸਰੋਵਰ ਅੰਦਰ
ਇੱਕ ਫੁੱਲ ਸਦਾ-ਬਹਾਰ : ਸਮ੍ਰਿਤੀ ਸੁੱਟਾਂ ਕਿ ਨਾ ਸੁੱਟਾਂ ?

ਕੀ ਜਾਣਾਂ ਸਰਵਰ ਦੀ ਮਿੱਟੀਂ
ਸੁੱਤੇ ਕੰਵਲ ਫੇਰ ਅੱਖ ਪੁੱਟਣ
ਲੰਮੇਂ ਵਰ੍ਹਿਆਂ ਦੇ ਜਲ ਹੇਠਾਂ ਪਹੁੰਚ ਕੇ ਮਨ ਤੇਰਾ ਮੁੰਦ-ਨੈਣੀਂ
ਮੇਰੇ ਵਲ ਨੂੰ ਸੁਬਕ ਜਿਹਾ ਮੁਸਕਾਵੇ
ਉਸ ਮਿੱਤਰ ਦੀਆਂ ਬਾਤਾਂ ਖਾਤਰ ਝੋਲੀ ਅੱਡੇ।

ਕੀ ਜਾਣਾਂ ਕਿ ਟਿਕੇ ਤਲਾਅ ਦੀ ਹਿਕੜੀ ਉਤੇ ਫੁੱਲ ਦਾ ਡਿਗਣਾ
ਕਿੱਡੀ ਲਹਿਰ ਜਗਾਵੇ !
ਡੂੰਘੀ ਆਥਣ ਨੂੰ ਫੁਲਵਾੜੀ ਵਿਚ ਝੱਖੜ ਝੁੱਲ ਜਾਵੇ।

ਮੈਂ ਤਾਂ ਸਿਰਫ ਸਨੇਹੀ ਮਨ ਦਾ ਸਾਂਭੀ ਫਿਰਾਂ ਸੁਨੇਹਾ
ਦੋ ਮਿੱਤਰਾਂ ਵਿਚਕਾਰ ਖੜਾ ਹਾਂ ਕਈ ਤਣਾਅ ਤੇ ਖਿੱਚਾਂ।

ਹੋ ਸਕਦੈ ਤੂੰ ਆਖੇ : ਜੀਵੇਂ ! ਦੱਸ ਮਿੱਤਰ ਦੇ ਬੋਲ
ਮੈਂ ਤਾਂ ਏਸ ਸੁਨੇਹੇ ਲਈ ਵਰ੍ਹਿਆਂ ਤੋਂ ਤਰਸਾਂ।



ਜਾਂ ਆਖੇਂ: ਹੁਣ ਜੁਗੜੇ ਬੀਤੇ
ਕਿਉਂ ਸ਼ਾਮਾਂ ਨੂੰ ਹੁਣ ਸਰਘੀ ਦੀਆਂ ਬਾਤਾਂ ਪਾਵੇਂ
ਕਿਉਂ ਹੁਣ ਠੰਡੀ ਰਾਖ ਫਰੋਲੇਂ !
ਕਿਉਂ ਅੰਗੂਰੇ ਜ਼ਖਮ ਉਚੇੜੇਂ !
ਸ਼ਬਦਾਂ ਦੀ ਸੰਘੀ ਘੁੱਟਣ ਲਈ
ਕਿਸੇ ਜਤਨ ਦੀ ਲੋੜ ਨਾ ਪੈਂਦੀ
ਇਹ ਤਾਂ ਹੁਣ ਆਦਤ ਹੋ ਨਿਬੜੀ।

ਮਿਲਣੀ ਦੇ ਸੁਪਨੇ ਦੀ ਲੋਚਾ
ਹੁਣ ਤਾਂ ਕੇਵਲ ਚੀਸ ਜਗਾ ਸਕਦੀ ਹੈ
ਉਸਨੂੰ ਦੱਸੀਂ: ਹੁਣ ਤਾਂ ਉਂਝ ਹੀ ਨੀਂਦ ਬਹੁਤ ਥੋੜੀ ਆਉਂਦੀ ਹੈ।
ਪਰ ਸੁਪਨੇ ਮਰਦੇ ਤਾਂ ਨਹੀਂ ਹਨ।

ਤਾਮਿਲਾਂ ਨੇ 27 ਵਿਅਕਤੀ ਕਤਲ ਕੀਤੇ

ਕੋਲੰਬੋ — ਕੱਲ੍ਹ ਇਕ ਬੱਸ ਨੂੰ ਰੋਕ ਕੇ ਤਾਮਿਲ ਅਤਿਵਾਦੀਆਂ ਨੇ 27 ਮਰਦ, ਔਰਤਾਂ ਤੇ ਬੱਚੇ ਕਤਲ ਕਰ ਦਿੱਤੇ। ਤਿੰਨ ਵਿਅਕਤੀ ਜ਼ਖਮੀ ਹੋਏ।

ਕੋਲੰਬੋ ਦੀ ਪੁਲੀਸ ਅਨੁਸਾਰ 15 ਤਾਮਿਲ ਅਤਿਵਾਦੀਆਂ ਨੇ ਇਕ ਸਰਕਾਰੀ ਬੱਸ ਘੇਰ ਲਈ। ਇਹ ਘਟਨਾ ਕੋਲੰਬੋ ਤੋਂ 235 ਕਿਲੋਮੀਟਰ ਪਿਨਕਾਟੀਆ ਦੇ ਨੇੜੇ ਵਾਪਰੀ। ਮਰਨ ਵਾਲੇ ਸਾਰੇ ਸਿਨਹਾਲੀ ਸਨ।

9 ਅਕਤੂਬਰ ਨੂੰ ਤਾਮਿਲ ਅਤਿਵਾਦੀਆਂ ਨੇ ਪਹਿਲਾਂ ਵੀ 47 ਵਿਅਕਤੀ ਇਕ ਪਿੰਡ ਵਿਚ ਕਤਲ ਕੀਤੇ ਸਨ।

'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

SUBSCRIPTION FORM

To

The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name...
Address..
City...
Province...
Postal code..
PHONE.

One Year .... 30 dollars
Two Year .... 55 dollars
Three year .... 80 dollars
Life membership.......... 500 dollars
ASIA........................150 dollars[a year]
U.S.A. .... 35 dollars [a year]
Europe ....150 dollars[a year]
Africa .... 150 dollars [a year]

ਇਹ ਬੰਬਈ ਹੈ
ਦਾਦਾ ਔਰਤਾਂ

ਨਾਜਾਇਜ਼ ਸ਼ਰਾਬ, ਜੂਏ ਦੇ ਅੱਡੇ, ਤਸਕਰੀ, ਜੇਬ ਕਤਰੇ, ਚੋਰੀ ਚਕਾਰੀ, ਚੋਰ ਬਾਜ਼ਾਰੀ, ਚਕਲੇ, ਚੰਡੂਖਾਨੇ ਆਦਿ ਅਜਿਹੇ ਕੇਂਦਰ ਹਨ ਜਿਸ ਵਿਚ ਇਕਾ ਦੁੱਕਾ ਵਿਅਕਤੀ ਸਫਲ ਨਹੀਂ ਹੋ ਸਕਦਾ। ਇਹਨਾਂ ਧੰਦਿਆਂ ਵਿਚ ਪੂਰੇ ਗੁੱਟ ਕੰਮ ਕਰਦੇ ਹਨ। ਆਮ ਤੌਰ ਤੇ ਇਹੋ ਹੀ ਦੇਖਿਆ ਸੁਣਿਆ ਗਿਆ ਹੈ ਕਿ ਇਹਨਾਂ ਅੱਡਿਆਂ ਦੇ ਸਰਦਾਰ ਪੁਰਸ਼ ਹੀ ਹਨ। ਆਪਣੇ ਧੰਦੇ ਵਿਚ ਇਹੋ ਜਿਹੇ ਪੁਰਸ਼ ਕਈ ਔਰਤਾਂ ਨੂੰ ਵੀ ਨਾਲ ਲਪੇਟ ਲੈਂਦੇ ਹਨ। ਚਕਲੇ ਵਰਗਾ ਧੰਦਾ ਤਾਂ ਹੈ ਹੀ ਐਸਾ ਜਿਹੜਾ ਕੇਵਲ ਔਰਤਾਂ ਆਸਰੇ ਹੀ ਚਲਦਾ ਹੈ।

ਕਾਨੂੰਨ ਦੀ ਪਕੜ ਤੋਂ ਬਚਣ ਲਈ ਵੀ ਮਰਦ ਹੀ ਹਿੰਮਤ ਕਰਦੇ ਹਨ। ਕਾਨੂੰਨ ਦੀ ਨਜ਼ਰ ਤੋਂ ਬਚ ਕੇ ਅਪਰਾਧ ਕਰ ਸਕਣ ਦੀ ਸਮਰੱਥਾ ਵੀ ਮਰਦ ਸਮਾਜ ਵਿਚ ਹੀ ਹੈ। ਪਰ ਬੰਬਈ ਵਰਗੇ ਬਹੁ-ਪੱਖੀ ਮਸ਼ਹੂਰ ਮਹਾ ਨਗਰ ਵਿਚ ਜਿਥੇ ਮਰਦ ਹੀਰੋ ਹਨ ਉਥੇ ਕਿਸੇ ਔਰਤਾਂ ਦਾ ਦਾਦਾ ਹੋਣਾ ਅਜੀਬ ਲਗਦਾ ਹੈ। ਜੇਕਰ ਇਹ ਔਰਤਾਂ ਸਾਧਾਰਣ ਜੀਵਨ ਤੋਂ ਉਪਰ ਉਠੀਆਂ ਹੋਣ ਤਾਂ ਬਿਲਕੁਲ ਹੀ ਅਚੰਭੇ ਦੀ ਗੱਲ ਹੈ।

ਸਮਾਂ ਬਦਲ ਰਿਹਾ ਹੈ। ਸਮਾਜ ਵਿਚ ਤਬਦੀਲੀ ਆ ਰਹੀ ਹੈ। ਕੱਲ੍ਹ ਤਕ ਜਿਸ ਨੂੰ ਕਮਜ਼ੋਰ ਵਰਗ ਕਹਿਕੇ ਤ੍ਰਿਸਕਾਰਿਆ ਤੇ ਨਕਾਰਿਆ ਜਾਂਦਾ ਰਿਹਾ ਸੀ ਉਹ ਆਪਣੇ ਹੱਕ ਦੀ ਪ੍ਰਾਪਤੀ ਲਈ ਆਪਣੀ ਯੋਗਤਾ ਨਾਲ ਮਰਦ ਸਮਾਜ ਨੂੰ ਹੈਰਾਨ ਕਰ ਰਹੀ ਹੈ। ਜ਼ਿੰਦਗੀ ਦੇ ਹਰ ਪੱਖ ਵਿਚ ਔਰਤ ਆਪਣਾ ਨਾਮ ਪੈਦਾ ਕਰ ਰਹੀ ਹੈਂ ਅਤੇ ਆਪਣੇ ਯੋਗਦਾਨ ਰਾਹੀਂ ਸਿਖਰ ਦਾ ਮਕਾਮ ਹਾਸਿਲ ਕਰਨ ਵਿਚ ਜੁਟੀ ਹੋਈ ਹੈ। ਜੇਕਰ ਰਾਜਸੀ, ਉਦਯੋਗਿਕ, ਵਪਾਰਕ, ਕਲਾ ਆਦਿ ਖੇਤਰ ਵਿਚ ਔਰਤ ਅਗੇ ਆਈ ਹੈ ਤਾਂ ਸਮਾਜ ਦੇ ਨੀਵੇਂ ਪੱਧਰ ਦੇ ਪੱਖ ਕਿਵੇਂ ਵਿਰਵੇ ਰਹਿ ਸਕਦੇ ਹਨ। ਦਾਦਾ ਔਰਤਾਂ ਨੇ ਇਧਰ ਵੀ ਆਪਣੀਆਂ ਸਰਗਰਮੀਆਂ ਨਾਲ ਚਕਿਤ ਕੀਤਾ ਹੈ। ਬੰਬਈ ਦੀਆਂ ਚਾਰ ਔਰਤਾਂ ਨੇ ਜੋ ਦਾਦਾਗਿਰੀ ਵਿਖਾਈ ਹੈ ਉਸ ਦੀ ਕਹਾਣੀ ਬੜੀ ਦਿਲਚਸਪ ਹੈ। ਇਹ ਦਾਦਾ ਔਰਤਾਂ ਹਨ —

ਨਸ਼ੀਲੀ ਦਵਾਈਆਂ ਦੀ ਮੰਡੀ ਦੀ ਧਰਮ-ਮਾਤਾ ਜੇਨਾਬਾਈ, ਜਿਸਮਾਂ ਦੇ ਵਪਾਰ ਦੀ ਸਰਦਾਰ ਸ਼ਾਂਤਾਬਾਈ, ਗੰਦੀ ਬਸਤੀ ਦੀ ਰਿਆਇਆ ਦੀ ਮਲਕਾ ਲਕਸ਼ਮੀ ਦੇਵੀ ਅਤੇ ਨਾਜਾਇਜ਼ ਸ਼ਰਾਬ ਦੇ ਧੰਦੇ ਦੀ ਚੌਧਰੀ ਐਲੀਜ਼ਾ।

ਜੇਨਾਬਾਈ—



ਅਪਰਾਧੀ ਜਗਤ ਵਿਚ ਆਪਸੀ ਸਮਝੌਤੇ ਲਈ ਇਕ ਇਕੱਤਰਤਾ ਚੱਲ ਰਹੀ ਸੀ। ਇਸ ਦੀ ਪ੍ਰਧਾਨਗੀ 70 ਸਾਲ ਦੀ ਬੁਢੀ ਔਰਤ ਕਰ ਰਹੀ ਸੀ -ਜੇਨਾਬਾਈ ਖਾਬਰੀ।

ਇਸ ਤੇ ਸਾਰੇ ਇਲਜ਼ਾਮ ਥੋਪੇ ਜਾ ਸਕਦੇ ਸਨ ਜਿਵੇਂ ਚੋਰ ਬਾਜ਼ਾਰੀ, ਤਸਕਰੀ, ਨਸ਼ੇ ਦੀਆਂ ਦਵਾਈਆਂ ਆਦਿ।

ਚਾਲੀ ਵਰ੍ਹੇ ਪਹਿਲੋਂ ਜੇਨਾਬਾਈ ਇਕ ਗ੍ਰਹਿਸਤੀ ਔਰਤ ਸੀ। ਚੋਰ ਬਾਜ਼ਾਰ ਵਿਚ ਅਨਾਜ ਵੇਚਕੇ ਗੁਜ਼ਾਰਾ ਕਰਨ ਵਾਲੀ ਇਕ ਔਰਤ ਇੰਨਾਂ ਉਪਰ ਉਠੀ (ਜਾਂ ਹੇਠਾਂ ਨਿਘਰੀ) ਕਿ ਅੱਜ ਦੇਸ਼ ਦੀਆਂ ਨਸ਼ੀਲੀਆਂ ਦਵਾਈਆਂ ਦੇ ਵਪਾਰ ਵਿਚ ਮਹਾਨ ਸਰਗਰਮੀ ਵਾਲੀ ਹੈ। ਧੰਦੇ ਵਾਲਿਆਂ ਦੀ ਉਹ ਧਰਮ-ਮਾਤਾ ਹੈ। ਇਹ ਦਰਜਾ ਉਸਨੂੰ ਉਸ ਵੇਲੇ ਮਿਲਿਆ ਜਦੋਂ ਅਪਰਾਧੀ ਜਗਤ ਦੇ ਸਰਦਾਰ ਦਾਊਦ ਦੇ ਪਿਤਾ ਇਬਰਾਹੀਮ ਨੇ 1960 ਵਿਚ ਉਸ ਨੂੰ ਧਰਮ ਭੈਣ ਬਣਾਇਆ। ਉਸ ਨੂੰ ਮਾਂ ਜੀ ਕਰਕੇ ਬੁਲਾਇਆ ਜਾਂਦਾ ਹੈ। ਇਹਨਾਂ ਦੀਆਂ ਸਰਗਰਮੀਆਂ ਵਿਚ ਮਾਹਵਾਰੀ ਸੂਦ ਵਸੂਲ ਕਰਦੀ ਹੈ। ਝਗੜੇ ਨਿਪਟਾਉਂਦੀ ਹੈ ਅਤੇ ਅਗਵਾਈ ਕਰਦੀ ਹੈ।

ਵਿਸ਼ੇਸ਼ ਇਕੱਤਰਤਾ ਦੀ ਪ੍ਰਧਾਨਗੀ ਕਰਨ ਉਪਰੰਤ ਉਸ ਦੱਸਿਆ ਕਿ ਇਸ ਤੋਂ ਬਿਨਾਂ ਕਈ ਖੂਨ ਹੋ ਜਾਂਦੇ ਹਨ। ਭੇਦ ਦੀ ਗੱਲ ਦੱਸਦਿਆਂ ਉਸ ਨੇ ਕਿਹਾ, "ਲੇਕਿਨ ਮੈਂ ਨੇ ਦਾਊਦ ਸੇ ਕਹਾ, ਬੇਟਾ ਲੜਾਈ ਮੇਂ ਕੋਈ ਫਾਇਦਾ ਨਹੀਂ, ਔਰ ਉਸਨੇ ਮਾਨ ਲੀਆ।" ਉਸਦੇ ਪੁਲਿਸ ਅਤੇ ਰਾਜਸੀ ਨੇਤਾਵਾਂ ਨਾਲ ਸੰਬੰਧ ਹਨ। ਉਸਦੀ ਗਾਥਾ ਨਿਰੀ ਦਲੇਰੀ ਦੀ ਹੈ ਅਤੇ ਦਾਦਾ ਗਿਰੀ ਦੀ।

ਉਸਦੀਆਂ ਅੱਖਾਂ ਤਿੱਖੀਆਂ ਹਨ ਪਰ ਚਿਹਰੇ ਉਪਰ ਸਾਦਗੀ ਹੈ। ਲਕੜੀ ਦੇ ਪਟੜੇ ਤੇ ਬੈਠੀ ਉਹ ਪਾਨ ਚਬਾਉਂਦੀ ਇਉਂ ਲਗਦੀ ਹੈ ਜਿਵੇਂ ਵੰਗਾਂ ਚੂੜੀਆਂ ਵੇਚਣ ਵਾਲੀ ਹੈ। ਉਸਦੇ ਘਰ ਦੀਆਂ ਕੰਧਾਂ ਉਪਰ ਮੱਕੇ ਮਦੀਨੇ ਦੀਆਂ ਤਸਵੀਰਾਂ ਹਨ ਅਤੇ ਇਕ ਤਸਬੀ ਹੈ। ਪੁਲਿਸ ਵਾਲੇ ਲਲਚਾਈਆਂ ਅੱਖਾਂ ਨਾਲ ਉਸ ਵੱਲ ਦੇਖਦੇ ਹਨ ਕਿ ਪਕੜ ਲੈਣ ਪਰ ਉਹਨਾਂ ਦਾ ਕੋਈ ਵੱਸ ਨਹੀਂ ਚਲਦਾ।

ਅਰੰਭ ਕੁਝ ਇਸ ਤਰ੍ਹਾਂ ਹੋਇਆ। ਉਸਦਾ ਖਾਵੰਦ ਉਸ ਨੂੰ ਛੱਡ ਕੇ ਪਾਕਿਸਤਾਨ ਚਲਾ ਗਿਆ। ਪੰਜ ਬੱਚਿਆਂ ਦੀ ਭੁਖ ਮਿਟਾਣ ਲਈ ਕਿਥੋਂ ਟੁਕੜਾ ਮਿਲੇ? ਉਸ ਕਪੜੇ ਸੀਤੇ, ਅਨਾਜ ਵੇਚਿਆ। ਲੋਕੀਂ ਉਸਦੇ ਸੌਦੇ ਨਾਲੋਂ ਉਸਦੇ ਰੂਪ ਦਾ ਸੌਦਾ ਕਰਨਾ ਚਾਹੁੰਦੇ ਸਨ। ਸਥਾਨਕ ਦਾਦਾ ਉਸਦੇ ਦਰਵਾਜ਼ੇ ਤੇ ਆਵਾਜ਼ਾਂ ਕੱਸਦੇ: "ਜੈਨਾ ਪੈਸੇ ਦੇ, ਨਹੀਂ ਤਾਂ ਤੇਰਾ ਧੰਦਾ ਠੱਪ ਕਰ ਦਿਆਂਗੇ।" ਉਸ ਨੂੰ ਬਚਾਓ ਦਾ ਕੋਈ ਰਾਹ ਨਾ ਦਿੱਸਦਾ।

ਇਕ ਮਿਤਰ ਦੀ ਸਲਾਹ ਤੇ ਉਹ ਉਸ ਵੇਲੇ ਦੇ ਮੁਖ ਮੰਤਰੀ ਸ੍ਰੀ ਮੁਰਾਰਜੀ ਦੇਸਾਈ ਪਾਸ ਆਪਣੀ ਹਿਫਾਜ਼ਤ ਲਈ ਗਈ। ਦੇਸਾਈ ਨੇ ਪੁਲਿਸ ਦੇ ਨਾਮ ਚਿੱਠੀ ਦੇ ਦਿੱਤੀ। ਦਾਦਾ ਲੋਕ ਠੰਢੇ ਹੋ ਗਏ। ਗੈਰ ਕਾਨੂੰਨੀ ਧੰਦੇ ਬਾਰੇ ਰਿਪੋਰਟਾਂ ਦੇਣ ਨਾਲ ਜੈਨਾਬਾਈ ਦੀ ਪੁਲਿਸ ਵਿਚ ਕਦਰ ਹੋਣ ਲੱਗੀ। ਲੋਕੀ ਉਸ ਦੇ ਰਾਹੀਂ ਆਪਣੇ ਕੰਮ ਕਰਵਾਉਣ ਲੱਗੇ। ਉਹ ਕੰਮ ਕਰਵਾਉਣ ਦੇ ਪੈਸੇ ਵਸੂਲ ਕਰਨ ਲੱਗੀ।

ਜੇਨਾਬਾਈ-
ਇਕ ਧਰਮ-ਮਾਤਾ

ਅਪਰਾਧੀ ਜਗਤ ਦੇ ਧਰਮ-ਪਿਤਾ ਅੱਜ ਉਸਨੂੰ ਧਰਮ-ਮਾਤਾ ਸਮਝਦੇ ਹਨ। ਕੱਲ, ਤਕ ਉਹ ਚੋਰ-ਬਾਜ਼ੀ ਦੇ ਅਨਾਜ਼ ਨੂੰ ਰੇੜੀ ਤੇ ਰੱਖ ਹੋਕਾ ਦਿੰਦੀ ਫਿਰਦੀ ਸੀ। ਹੁਣ ਉਸ ਨੂੰ ਨਸ਼ੀਲੀਆਂ ਦਵਾਈਆਂ ਦੀ ਵਿਕਰੀ ਤੋਂ ਨੋਟ ਬਨਾਉਣੇ ਆ ਗਏ ਹਨ। ਆਪਣੇ ਚਲਿਤਰਾਂ, ਮੱਕਾਰੀ ਅਤੇ ਸਬੰਧਾਂ ਸਦਕਾ ਉਹ ਪੁਲਿਸ ਤੇ ਸਜ਼ਾ ਦੋਹਾਂ ਤੋਂ ਸਦਾ ਬਚੀ ਰਹਿੰਦੀ ਹੈ।



ਉਸਦੇ ਕਾਰੋਬਾਰ ਦੀ ਸੰਭਾਲ ਉਸਦਾ ਲੜਕਾ ਕਰਦਾ ਹੈ। ਕਈ ਵਾਰ ਪਕੜੇ ਵੀ ਗਏ ਹਨ ਪਰ ਉਸਦਾ ਬਚਾਓ ਹੋ ਜਾਂਦਾ ਹੈ ਕਿ ਉਸ ਤੇ ਝੂਠਾ ਇਲਜ਼ਾਮ ਲਾਇਆ ਗਿਆ ਹੈ।

ਉਹ ਕਹਿੰਦੀ ਹੈ ਕਿ ਦਾਰੂ ਹਰਾਮ ਹੈ ਤੇ ਬਰਾਊਨ ਸ਼ੂਗਰ ਤੋਂ ਉਹ ਉਕਾ ਹੀ ਅਨਜਾਣ ਹੈ। ਤਾਂ ਫਿਰ ਪੈਸਾ ਕਿਥੋਂ ਆਉਂਦਾ ਹੈ। ਮੈਂ ਲੋਕਾਂ ਦੀਆਂ ਸਮੱਸਿਆ ਹਲ ਕਰਦੀ ਹਾਂ। ਜੇਲ੍ਹ ਤੋਂ ਛੁਡਾਉਂਦੀ ਹਾਂ। ਸਲਾਹ ਮਸ਼ਵਰਾ ਦਿੰਦੀ ਹਾਂ। ਇਥੋਂ ਤੱਕ ਕਿ ਭ੍ਰਿਸ਼ਟਾਚਾਰ ਵਿਰੁਧ ਪੁਲਿਸ ਦੀ ਸਹਾਇਤਾ ਵੀ ਕੀਤੀ ਹੈ। ਉਹਦੇ ਪਾਸ ਇਹੋ ਜਿਹੇ ਕੰਮਾਂ ਦੇ ਮੈਡਲ ਤੇ ਸਰਟੀਫਿਕੇਟ ਵੀ ਹਨ।

ਆਮ ਧਾਰਨਾ ਇਹ ਹੈ ਕਿ ਜੇਨਾਬਾਈ ਦੇ ਸਬੰਧ ਅਜਿਹੇ ਹਨ ਕਿ ਕੋਈ ਤਾਕਤ ਵੀ ਉਸ ਵੱਲ ਅੱਖ ਚੁਕ ਕੇ ਨਹੀਂ ਦੇਖ ਸਕਦੀ।

ਸ਼ਾਂਤਾਬਾਈ—



ਇਕ ਹੋਰ ਇਸਤਰੀ ਹੈ ਸ਼ਾਂਤਾਬਾਈ ਮਰੀਆਪਾ ਗਾਇਕਵਾੜ। 45 ਸਾਲ ਦੀ ਇਹ ਔਰਤ ਬੰਬਈ ਦੇ ਅੱਧੇ ਚਕਲਿਆਂ ਤੇ ਰਾਜ ਕਰਦੀ ਹੈ। ਉਸਦਾ ਇਨਾ ਰੁਹਬ ਹੈ ਕਿ ਉਸਦਾ ਨਾਮ ਸੁਣਦਿਆਂ ਹੀ ਰੰਡੀਆਂ

ਦਸ ਸਾਲ ਪਹਿਲੋਂ ਅਬਦੁੱਲਾ ਦੀ, ਜਿਹੜਾ ਸ਼ਾਂਤਾਬਾਈ ਦੇ ਚਕਲਿਆਂ ਵਿਚ ਜਾਂਦਾ ਸੀ, ਖੂਬ ਪਿਟਾਈ ਕੀਤੀ ਗਈ — ਸ਼ਾਂਤਾਬਾਈ ਅਤੇ ਉਸਦੇ ਆਦਮੀਆਂ ਨੇ ਰਲਕੇ। ਹਸਪਤਾਲ ਜਾ ਕੇ ਅਬਦੁੱਲਾ ਨੇ ਦਮ ਤੋੜ ਦਿਤਾ। ਸ਼ਾਂਤਾਬਾਈ ਦੇ ਖਿਲਾਫ ਮੁਕੱਦਮਾ ਦਾਇਰ ਹੋਇਆ। ਉਸ ਪੰਜ ਹਜ਼ਾਰ ਦੀ ਜ਼ਮਾਨਤ ਕਰਵਾਈ। ਫਿਰ ਮੁਕਦਮੇ ਦੀ ਪੈਰਵੀ ਨਹੀਂ ਕੀਤੀ ਗਈ। ਲਗਦਾ ਹੈ ਉਸਦੇ ਰਾਜਸੀ ਸੰਬੰਧਾਂ ਰਾਹੀਂ ਮਾਮਲਾ ਰਫਾ ਦਫਾ ਹੋ ਗਿਆ।

ਸ਼ਾਂਤਾਬਾਈ ਸ਼ੋਲਾਪੁਰ ਦੀ ਰਹਿਣ ਵਾਲੀ ਹੈ। ਇਥੇ ਇਸ ਧੰਦੇ ਵਿਚ ਜੇਕਰ ਉਸ ਨਾਮ ਨਹੀਂ ਖੱਟਿਆ ਤਾਂ ਵੱਧ ਤੋਂ ਵੱਧ ਪੈਸਾ ਅਤੇ ਜਾਣ ਪਛਾਣ ਖੱਟੀ ਹੈ। ਚਕਲੇ ਵਿਚ ਉਸ ਪਾਸ 400 ਪਿੰਜਰੇ ਹਨ ਅਤੇ ਉਸਦੀ ਰੋਜ਼ ਦੀ ਆਮਦਨ ਹਜ਼ਾਰਾਂ ਵਿਚ ਹੈ। ਉਸ ਪਾਸ ਦਰਜਨਾਂ ਹੀ ਚਕਲੇ ਹਨ ਜਿਹਨਾਂ ਵਿਚ ਛੇ ਤੋਂ ਅੱਠ ਕਮਰੇ ਹਨ। ਕਮਰੇ ਆਮ ਤੌਰ ਤੇ ਤੰਗ ਅਤੇ ਗੰਦੇ ਹਨ। ਤਨ ਦੇ ਧੰਦੇ ਤੋਂ ਇਲਾਵਾ ਉਸਦਾ ਇਕ ਰੈਸਤੋਰਾਂ, ਸਾਈਕਲ ਸ਼ਾਪ ਅਤੇ ਪਾਨ ਸਿਗਰਟ ਦੀ ਦੁਕਾਨ ਵੀ ਹੈ।

ਫਾਕਲੈਂਡ ਰੋਡ ਤੇ ਚੌਥੇ ਮੋੜ ਉਪਰ ਉਸ ਦੇ ਘਰ ਵਿਚ ਹਰ ਪ੍ਰਕਾਰ ਤੇ ਸਾਈਜ਼ ਦੀਆਂ ਔਰਤਾਂ ਹਨ। ਔਸਤਨ ਇਕ ਪਿੰਜਰੇ ਵਿਚ ਛੇ ਲੜਕੀਆਂ ਹੁੰਦੀਆਂ ਹਨ ਜਿਹੜੀਆਂ 75 ਰੁਪਏ ਤੋਂ ਲੈ ਕੇ 300 ਰੁਪਏ ਤੱਕ ਇਕ ਰਾਤ ਵਿਚ ਕਮਾ ਲੈਂਦੀਆਂ ਹਨ। ਸ਼ਾਂਤਾਬਾਈ ਇਸ ਕਮਾਈ ਦਾ 40 ਫੀ ਸਦੀ ਹਿਸਾ ਲੈਂਦੀ ਹੈ ਸਾਰਾ ਧੰਦਾ ਹੇਠਾਂ ਹੁੰਦਾ ਹੈ ਅਤੇ ਸ਼ਾਂਤਾਬਾਈ ਉਪਰਲੀ ਮੰਜ਼ਲ ਤੋਂ ਸਭ ਕੁਝ ਦੇਖ ਸਕਦੀ ਹੈ।

ਆਪਣੇ ਰੈਸਤੋਰਾਂ ਦੀ ਗੱਦੀ ਉਪਰ ਬੈਠੀ ਸ਼ਾਂਤਾਬਾਈ ਕਹਿੰਦੀ ਹੈ, "ਅੱਜ ਕੱਲ ਮੈਂ ਇਕ ਦੋ ਰੰਡੀ-ਖਾਨੇ ਦੇਖ ਸਕਦੀ ਹਾਂ, ਉਸਦੀਆਂ ਲੜਕੀਆਂ ਬਾਹਰ ਵੱਲ ਝਾਕਦੀਆਂ ਹਨ। ਸੋਨੇ ਦੇ ਗਹਿਣਿਆਂ ਨਾਲ ਲੱਦੀ ਅਤੇ ਚਾਇਨਾ ਸਿਲਕ ਦੀ ਸਾੜ੍ਹੀ ਪਾਈ, ਮੋਟੇ ਮੋਟੇ ਨੈਣ ਨਕਸ਼ਾਂ ਵਾਲੀ ਸ਼ਾਂਤਾਬਾਈ ਇਹਨਾਂ ਲੜਕੀਆਂ ਨੂੰ ਰੋਕਦੀ ਹੈ ਕਿ ਬਾਹਰ ਨਾ ਦੇਖੋ। ਆਪਣਾ ਕੰਮ ਕਰੋ। ਉਹ ਇਹਨਾਂ ਲੜਕੀਆਂ ਨਾਲ ਨਹੀਂ ਮਿਲਦੀ। ਬੜੀ ਨਫਰਤ ਨਾਲ ਉਹ ਕਹਿੰਦੀ "ਮੈਂ ਇਹ ਧੰਦਾ ਛੱਡ ਦਿੱਤਾ ਹੈ।"

ਉਸ ਨੇ 10 ਸਾਲ ਪਹਿਲੋਂ ਰੰਡੀਪੁਣਾ ਛੱਡ ਦਿੱਤਾ ਜਦੋਂ ਉਸਦਾ ਵਿਆਹ ਇਕ ਟੈਕਸੀ ਡਰਾਈਵਰ ਨਾਲ ਹੋਇਆ ਜਿਹੜਾ ਦਲਾਲ ਵੀ ਸੀ। ਉਸ ਦਾ ਨਾਮ ਸੀ ਮੁਹੰਮਦ ਯੂਸਫ। ਪਰ ਰੰਡੀ ਖਾਨਾ ਚਲਦਾ ਹੈ ਤੇ ਉਹ 200 ਤੋਂ 300 ਰੁਪਏ ਰੋਜ਼ ਬਣਾ ਲੈਂਦੀ ਹੈ। ਲੋਕੀ ਯਕੀਨ ਨਹੀਂ ਕਰਦੇ। ਇਸ ਧੰਦੇ ਦਾ ਇਕ ਆਦਮੀ ਕਹਿੰਦਾ ਹੈ ਕਿ ਇਸ ਤਰ੍ਹਾਂ ਉਹ ਲੱਖਾਂ ਰੁਪਏ ਰਾਜਸੀ ਲੋਕਾਂ ਨੂੰ ਖਿਲਾਂਦੀ ਹੈ ਅਤੇ ਬਦਲੇ ਵਿਚ ਹਿਫਾਜ਼ਤ ਪ੍ਰਾਪਤ ਕਰਦੀ ਹੈ। ਉਸਦਾ ਹੁਕਮ ਟਾਲਣ ਦੀ ਕਿਸੇ ਦੀ ਹਿੰਮਤ ਨਹੀਂ ਪੈਂਦੀ। ਕਈ ਉਸ ਪਾਸੋਂ ਹਫਤਾ ਲੈਂਦੇ ਹਨ।

ਉਹ ਇਸ ਧੰਦੇ ਵਿਚ ਕਿਵੇਂ ਆਈ? ਇਹ ਵੀ ਇਕ ਦੁਖਦਾਈ ਘਟਨਾ ਹੈ ਅਜੇ ਉਹ 18 ਸਾਲ ਦੀ ਸੀ ਜਦੋਂ ਉਸ ਦੇ ਪਤੀ ਨੇ ਉਸ ਨੂੰ ਛੱਡ ਦਿੱਤਾ। ਉਸਦੇ ਦੋ ਛੋਟੇ ਛੋਟੇ ਲੜਕੇ ਸਨ। ਕਿਵੇਂ ਉਹਨਾਂ ਦੀ ਦੇਖ ਭਾਲ ਕਰੇ? ਉਸਦੀ ਇਕ ਸਹੇਲੀ ਉਸ ਨੂੰ ਫਾਕਲੈਂਡ ਰੋਡ ਲੈ ਗਈ ਅਤੇ ਉਸ ਨੂੰ ਤੁਰੰਤ ਇਸ ਪਾਸੇ ਪਰੇਰ ਲਿਆ। ਹੋਰ ਮੈਂ ਕੀ ਕਰਦੀ। ਇਸ ਤੋਂ ਬਿਨਾਂ ਮੈਨੂੰ ਤੇ ਮੇਰੀ ਸਹੇਲੀ ਨੂੰ ਹੋਰ ਕੁਝ ਆਉਂਦਾ ਨਹੀਂ ਸੀ।'



ਲਕਸ਼ਮੀ ਦੇਵੀ-
ਗੰਦੀ ਬਸਤੀ ਦੀ ਮਲਿਕਾ

ਉਹ ਦੂਰ ਵੱਸਦੇ ਸਾਹਾਰ ਪਿੰਡ ਵਿਚ ਰੈਣ ਬਸੇਰਿਆਂ ਦੀ ਹਾਕਿਮ ਹੈ।

ਲਕਸ਼ਮੀ ਦੇਵੀ-



ਕੌਮਾਂਤਰੀ ਹਵਾਈ ਅੱਡੇ ਦੇ ਨੇੜੇ ਸਾਗਰ ਪਿੰਡ ਦੇ ਝੁਗੀ ਝੌਂਪੜੀ ਦੇ ਇਲਾਕੇ ਉਪਰ ਲਕਸ਼ਮੀ ਦੇਵੀ ਰਾਮਦੇਵ ਤਿਵਾੜੀ ਰਾਜ ਕਰਦੀ ਹੈ। ਹੁਣੇ ਹੁਣੇ ਉਹ ਛੇ ਮਹੀਨੇ ਦੀ ਸਜ਼ਾ ਕਟਕੇ ਜੇਲ੍ਹ ਤੋਂ ਰਿਹਾ ਹੋਈ ਹੈ।

ਕੌਮਾਂਤਰੀ ਹਵਾਈ ਅੱਡੇ ਦੇ ਨੇੜੇ ਸਾਗਰ ਪਿੰਡ ਦੇ ਝੁਗੀ ਝੌਂਪੜੀ ਦੇ ਇਲਾਕੇ ਉਪਰ ਲਕਸ਼ਮੀ ਦੇਵੀ ਰਾਮਦੇਵ ਤਿਵਾੜੀ ਰਾਜ ਕਰਦੀ ਹੈ। ਹੁਣੇ ਹੁਣੇ ਉਹ ਛੇ ਮਹੀਨੇ ਦੀ ਸਜ਼ਾ ਕੱਟਕੇ ਜੇਲ੍ਹ ਤੋਂ ਰਿਹਾ ਹੋਈ ਹੈ। ਲਕਸ਼ਮੀ ਦੇਵੀ ਤੇ ਇਹ ਇਲਜ਼ਾਮ ਸੀ ਕਿ ਆਸ ਪਾਸ ਗੈਰ ਕਾਨੂੰਨੀ ਛੱਪਰ ਸਨ ਅਤੇ ਉਹ ਆਪਣੇ ਕਿਰਾਏਦਾਰਾਂ ਪਾਸੋਂ ਪੈਸਾ ਵਸੂਲ ਕਰਦੀ ਸੀ। ਪਰ ਝੁਗੀ ਝੌਂਪੜੀ ਦੀ ਇਸ ਸਰਦਾਰ ਪਾਸ ਕਿੰਨੀ ਤਾਕਤ ਹੈ। ਇਸਦੀ ਕੋਈ ਮਿਸਾਲ ਨਹੀਂ। ਜਦੋਂ ਚੋਣਾਂ ਆਉਂਦੀਆਂ ਹਨ ਤਾਂ ਉਹ ਚੋਣ ਉਮੀਦਵਾਰਾਂ ਨੂੰ ਪੈਸੇ ਇਕੱਠੇ ਕਰਕੇ ਦਿੰਦੀ ਹੈ ਅਤੇ ਇਸਦੇ ਕਿਰਾਏਦਾਰ ਵੋਟ ਦੇਂਦੇ ਹਨ। ਵੈਸੇ ਤਾਂ ਸਲਮ ਲਾਰਡ ਮਰਦ ਹਨ ਪਰ ਹੁਣ ਇਹਨਾਂ ਦੀ ਥਾਂ ਔਰਤਾਂ ਲੈ ਰਹੀਆਂ ਹਨ। ਇਸੇ ਵਾਂਗ ਪਦਮਾ ਨਾਇਰ ਵੀ ਝੁਗੀ ਝੌਂਪੜੀ ਉਪਰ ਕੰਟਰੋਲ ਕਰ ਰਹੀ ਹੈ।

ਕਿਹਾ ਜਾਂਦਾ ਹੈ ਕਿ ਲਕਸ਼ਮੀ ਦੇਵੀ ਨੇ ਸਾਹਾਰ ਵਿਖੇ ਦਹਿਸ਼ਤ ਫੈਲਾ ਰੱਖੀ ਹੈ। ਉਸ ਪਾਸ ਚਾਰ ਚਾਉਲ ਹਨ ਜਿਹਨਾਂ ਵਿਚ 32 ਪਰਿਵਾਰ ਰਹਿੰਦੇ ਹਨ। ਉਹ ਕਦੇ ਨਲਕਾ ਲਾਉਣ ਲਈ, ਗੁਸਲਖਾਨਾ ਬਣਾਉਣ ਲਈ, ਜਾਂ ਕੋਠੜੀਆਂ ਦੀ ਮੁਰੰਮਤ ਆਦਿ ਦੇ ਨਾਮ ਤੇ ਪੈਸਾ ਵਸੂਲ ਕਰਦੀ ਹੈ। ਇਹ ਇਲਜ਼ਾਮ ਸਾਹਾਰ ਕਲਿਆਣ ਸਮਿਤੀ ਵਲੋਂ ਲਾਏ ਗਏ ਹਨ ਜਿਹੜੀ ਉਸ ਦੇ ਕਿਰਾਏਦਾਰਾਂ ਨੇ ਕਾਇਮ ਕੀਤੀ ਹੈ। 1976 ਤੋਂ ਉਸਦੇ ਵਿਰੁਧ 35 ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਹਨ। ਕਮੇਟੀ ਦਾ ਪ੍ਰਧਾਨ ਕਹਿੰਦਾ ਹੈ, "ਸਾਡੀ ਬਸਤੀ ਵਿਚ ਕਦੇ ਅਮਨ ਸ਼ਾਂਤੀ ਨਹੀਂ ਹੋਈ।"

45 ਸਾਲਾਂ ਦੀ ਇਹ ਭਈਆ ਔਰਤ ਦਾਵਾ ਕਰਦੀ ਹੈ ਕਿ ਉਸ ਪਹਿਲਾਂ ਚਾਉਲ (160x30 ਮੁਰੱਬਾ ਫੁਟ) ਇਕ ਪੂਰਬੀ ਹਿੰਦੁਸਤਾਨੀ ਈ. ਮੇਨਜ਼ਸ ਪਾਸੋਂ 1972 ਵਿਚ ਖਰੀਦਿਆ ਸੀ। ਤੇ ਉਸ ਵੇਲੇ 1972 ਵਿਚ 1200 ਰੁਪਏ ਤੋਂ ਮਿਲਿਆ ਸੀ। ਫਟੀ ਹੋਈ ਸਾੜ੍ਹੀ ਪਾਈ ਲਕਸ਼ਮੀ ਦੇਵੀ ਕਹਿੰਦੀ ਹੈ ਕਿ ਉਸ ਪਾਸ ਤਾਂ ਦਸਤਾਵੇਜ਼ ਵੀ ਹਨ ਤਾਂ ਫੇਰ ਇਹ ਕਿਵੇਂ ਥਾਂ ਖੋਹ ਸਕਦੇ ਹਨ? ਉਹ ਕਹਿੰਦੀ ਹੈ ਕਿ ਉਸਦਾ ਆਦਮੀ ਫੈਕਟਰੀ ਦੀ ਨੌਕਰੀ ਕਰਕੇ ਘਰ ਮੁੜਦਾ ਅਤੇ ਅੱਧੀ ਰਾਤ ਤਕ ਉਸਾਰੀ ਵਿਚ ਲੱਗਾ ਰਹਿੰਦਾ। ਉਹਨਾਂ ਮਿਲਕੇ 15 ਕਮਰੇ ਬਣਾਏ ਤੇ ਬਾਕੀ ਮਗਰੋਂ ਖੜੇ ਕੀਤੇ ਗਏ।

ਪਹਿਲੋਂ 10x12 ਮੁਰੱਬਾ ਫੁਟ ਕਮਰੇ ਲਈ 1000 ਤੋਂ 3000 ਰੁਪਏ ਦੀ ਪਗੜੀ ਮੰਗਦੀ ਸੀ ਅਤੇ ਕਰਾਇਆ 25 ਰੁਪਏ ਮਹੀਨਾ ਲੈਂਦੀ। ਹੁਣ ਪੈਸੇ ਵੱਧ ਗਏ ਹਨ। ਪਗੜੀ 25 ਹਜ਼ਾਰ ਤੋਂ ਵਧ ਕੇ 40,000 ਰੁਪਏ ਹੋ ਗਈ ਹੈ ਅਤੇ ਕਿਰਾਇਆ ਵੀ ਵਧਿਆ ਹੈ। ਆਪ ਉਹ ਅਨਪੜ੍ਹ ਸੀ ਨਿਰੀ ਹੀ ਅੰਗੂਠਾ ਛਾਪ। ਕਰਾਏਦਾਰ ਕਹਿੰਦੇ ਹਨ ਕਿ ਇਹ ਔਰਤ ਬੜੀ ਖੂਨਖਾਰ ਹੈ। ਆਪਣੇ ਆਦੇਸ਼ ਦੀ ਪੂਰਤੀ ਸਥਾਨਕ ਦਾਦਾ ਲੋਕਾਂ ਨੂੰ ਕਿਰਾਏ ਤੇ ਲੈ ਆਉਂਦੀ ਹੈ।

ਇਹ ਕੋਈ ਊਜਾਂ ਜਾਂ ਗਲਤ ਬਿਆਨੀ ਨਹੀਂ ਸਗੋਂ ਠੀਕ ਹੀ ਇਕ ਸ਼ਿਕਾਇਤ ਕੰਟਰੋਲਰ ਆਫ ਐਨਕਰੋਚਮੈਂਟ ਐਂਡ ਅਨ ਆਥੋਰਾਈਜ਼ਡ ਉਸਾਰੀ ਵੱਲੋਂ ਪੁਲਿਸ ਨੂੰ ਭੇਜੀ ਗਈ ਸ਼ਿਕਾਇਤ ਵਿਚ ਵੀ ਸੀ ਜਿਸਦੇ ਆਧਾਰ ਤੇ ਉਸ ਨੂੰ ਸਜ਼ਾ ਹੋਈ। ਪਰ ਇਹ ਔਰਤ ਕਹਿੰਦੀ ਹੈ, "ਮੇਰੇ ਉਪਰ ਦਾਦਾਗਿਰੀ ਦਾ ਝੂਠਾ ਇਲਜ਼ਾਮ ਲਗਾਇਆ ਗਿਆ।"

ਐਲੀਜ਼ਾ —

ਇਕ ਹੋਰ ਇਸਤਰੀ ਦਾਦਾ ਲੋਹੇ ਦੀਆਂ ਸਲਾਖਾਂ ਪਿਛੇ ਅੱਡੀਆਂ ਰਗੜ ਰਹੀ ਹੈ। ਐਲੀਜ਼ਾ ਇਕ ਖਤਰਨਾਕ ਔਰਤ ਹੈ, ਕਾਲੀਨਾ ਦੇ ਕੋਲੀਵਾੜੀ ਪਿੰਡ ਵਿਚ। ਕੱਚੇ ਰਸਤੇ ਸਭ ਇਕੋ ਹੀ ਘਰ ਵਲ ਜਾਂਦੇ ਹਨ। ਐਲੀਜ਼ਾ ਕੋਰੋਬਿਨ

→

The Manitoba Mirror

ਮੈਨੀਟੋਬਾ ਦਰਪਣ

BRAR NATURAL FLOUR MILLS

— ਸ਼ੇਰੇ-ਪੰਜਾਬ ਡੁਰਮ ਕਣਕ ਦਾ ਆਟਾ —

ਚਾਹੇ ਰੋਟੀਆਂ ਪਕਾਓ ਜਾਂ ਪੂਰੀਆਂ ਬਣਾਓ

ਫ਼ੋਨ : 204-632-5360

ਵਧੀਆ ਮੱਕੀ ਪੀਸਣ ਵਾਲੀਆਂ ਅਤੇ
ਵਧੀਆ ਵੇਸਣ ਪੀਸਣ ਵਾਲੀਆਂ ਚੱਕੀਆਂ
ਨਵੀਆਂ ਲੱਗ ਰਹੀਆਂ ਹਨ

ਗਰੌਸਰੀ ਦੀਆਂ ਸਾਰੀਆਂ ਵਸਤਾਂ ਵਾਜਬ ਭਾਅ 'ਤੇ

ਮੂਵੀਆਂ — ਟੇਪਾਂ ਵੀ ਇਥੋਂ ਮਿਲਦੀਆਂ ਹਨ

Ph. 775-6989

830 - NOTRE DAME AVE. WINNIPEG, MAN.

ਵਿੰਨੀਪੈਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼੍ਰੀਦਣ ਜਾਂ ਵੇਚਣ ਲਈ

ਮਿੱਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

ਅਵਤਾਰ ਟਿਵਾਣਾ ਨੂੰ ਮਿਲੋ ਜਾਂ ਫੋਨ ਕਰੋ :

Ph. Off: 204) 694-5000

Res: 694-3198

Pager 942-7788 #02284



Sales Representative

REMAX REALTY

10 - 2230 McPhillps St., Winnipeg, MB R2V 3C8




ਵੀਡੀਓ ਮੂਵੀਆਂ ਵੀ ਇੱਥੋਂ ਲੈ ਸਕਦੇ ਹੋ

ਵਿੰਨੀਪੈਗ ਵਿਚ ਕੱਪੜੇ ਤੇ ਗਹਿਣਆਂ ਦੀ ਦੁਕਾਨ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ






ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ

ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ



ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ

ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖਸ਼ ਚੀਜ਼ਾਂ ਮਿਲਦੀਆਂ ਹਨ

Kohinoor Jewellers & Fabric Centre

New Location — 724 - Sargent Ave., Winnipeg, MAN.

Ph. Bus. 772-3937

Res. 633-6567

REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



Automotive Repairs — Alignment and Wheel Balancing

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



PH. 582-7138

600 - Redwood Ave. WINNIPEG, MAN.

→

ਜੈਸਿਤੋ ਦਾ ਘਰ। 55 ਸਾਲਾਂ ਦੀ ਇਹ ਔਰਤ ਨਾਜਾਇਜ਼ ਸ਼ਰਾਬ ਦਾ ਧੰਦਾ ਖੂਬ ਕਰਦੀ ਹੈ। ਆਪਣੇ ਘਰ ਦੇ ਪਿਛਵਾੜੇ ਖੁਲ੍ਹੇ ਅਹਾਤੇ ਵਿਚ ਐਲੀਜ਼ਾ ਸ਼ਰਾਬ ਦੀ ਭੱਠੀ ਲਾਉਂਦੀ ਹੈ। ਉਸਦੇ ਪਾਸ ਕਾਮਿਆਂ ਦੀ ਫੌਜ ਹੈ। ਜਿਹੜੇ 1000 ਲਿਟਰ ਨਾਜਾਇਜ਼ ਸ਼ਰਾਬ ਬਨਾਉਣ ਵਿਚ ਉਸ ਦੀ ਮਦਦ ਕਰਦੇ ਹਨ।

ਜਦੋਂ ਇਸ ਔਰਤ ਦੇ ਅੱਡੇ ਤੇ ਛਾਪਾ ਪਿਆ ਤਾਂ ਇਸ ਦੀ ਥਾਂ ਤੋਂ 100 ਡਰੰਮ ਨਾਜਾਇਜ਼ ਸ਼ਰਾਬ ਦੇ ਬਰਾਮਦ ਹੋਏ। ਪੁਲਿਸ ਨੇ ਇਹ ਪਤਾ ਕਰ ਲਿਆ ਕਿ ਇਹ ਨਜਾਇਜ਼ ਸ਼ਰਾਬ ਦੱਖਣੀ ਬੰਬਈ ਦੇ ਬੋਰਾ ਤੇ ਭਿੰਡੀ ਬਾਜ਼ਾਰ ਵਿਚ ਢੋਈ ਜਾਂਦੀ ਹੈ। ਜਿਥੇ ਇਸ ਦੀ ਮੰਗ ਹੈ।

ਐਲੀਜ਼ਾ ਦੇ ਘਰ ਪਾਸ ਤਾਂ ਗਰਮ ਸ਼ਰਾਬ ਦੀ ਮਹਿਕ ਆ ਜਾਂਦੀ ਹੈ। ਸਿਹਨ ਵਿਚ ਜਾਂਦਿਆਂ ਹੀ ਨੱਕ ਨੂੰ ਚੜ੍ਹਦੀ ਹੈ। ਘਰ ਕਾਫੀ ਵੱਡਾ ਹੈ ਅਤੇ ਆਧੁਨਿਕ ਕਿਸਮ ਦਾ ਹੈ। ਗੁਆਂਢੀ ਆਪਣੀਆਂ ਖਿੜਕੀਆਂ ਵਿਚੋਂ ਦੇਖਦੇ ਹਨ ਕਿ ਇਸ ਘਰ ਅਸਲੀ ਗਾਹਕ ਆ ਰਹੇ ਹਨ ਜਾਂ ਪੁਲਿਸ ਦੇ ਨਕਲੀ ਗਾਹਕ ਸੂਹ ਲੈਣ ਆਉਂਦੇ ਹਨ। ਇਹ ਪੁਲਿਸ ਦੇ ਛਾਪਿਆਂ ਦਾ ਮਜ਼ਾ ਲੈਂਦੇ ਹਨ। ਇਕ ਪੁਲਿਸ ਅਧਿਕਾਰੀ ਕਹਿੰਦਾ ਹੈ "ਐਲੀਜ਼ਾ ਇਕ ਚੁੜੇਲ ਹੈ — ਸ਼ਕਤੀਸ਼ਾਲੀ ਤੇ ਡਰਾਉਣੀ।"

ਇਹ ਪਬਲਿਕ ਨਲਕੇ ਤੋਂ ਪਾਣੀ ਭਰਦੀ ਹੈ। ਔਰਤਾਂ ਦੇ ਰੋਕਣ ਤੇ ਐਲੀਜ਼ਾ ਨੇ ਉਹਨਾਂ ਨੂੰ ਕਿਹਾ ਕਿ ਇਸਦਾ ਨਤੀਜਾ ਬੁਰਾ ਹੀ ਨਿਕਲੇਗਾ। ਘਰ ਦੇ ਹਾਲ ਵਿਚ ਤੁਰਦੇ ਫਿਰਦੇ ਆਦਮੀ ਇਸ ਸ਼ਕਤੀ ਦਾ ਪਰਦਰਸ਼ਨ ਕਰਦੇ ਹਨ ਐਲੀਜ਼ਾ ਦੀ ਗੈਰ-ਹਾਜ਼ਰੀ ਵਿਚ ਉਸਦਾ ਲੜਕਾ ਇਸਦੀ ਨਿਗਰਾਨੀ ਕਰਦਾ ਹੈ।

ਆਪਣੀ ਮਾਂ ਦੀ ਸਫਾਈ ਵਿਚ ਐਲੀਜ਼ਾ ਦੀ 35 ਸਾਲ ਦੀ ਲੜਕੀ ਵਰਜੀਨੀਆ ਕਹਿੰਦੀ ਹੈ 'ਮੇਰੀ ਮਾਂ ਨੂੰ ਸ਼ਰਾਬ ਦਾ ਧੰਦਾ ਇਸ ਲਈ ਕਰਨਾ ਪਿਆ ਕਿਉਂ ਜੋ ਮੇਰਾ ਬਾਪ ਟਰੱਕ ਦੇ ਹਾਦਸੇ ਵਿਚ ਮਾਰਿਆ ਗਿਆ ਸੀ। ਇਸ ਲਈ ਹੱਥ ਮੂੰਹ ਦੀ ਲੜਾਈ ਲਈ ਕੁਝ ਤਾਂ ਚਾਹੀਦਾ ਹੀ ਸੀ।" ਵਰਜੀਨੀਆਂ ਨੇੜੇ ਹੀ ਆਪਣੇ ਪਤੀ ਤੇ ਦੋ ਬੱਚਿਆਂ ਨਾਲ ਰਹਿੰਦੀ ਹੈ "ਸਾਡੇ ਪਾਸ ਸਬਜ਼ੀ ਦਾ ਖੇਤ ਸੀ ਪਰ ਉਹ 20 ਸਾਲ ਪਹਿਲੋਂ ਸਰਕਾਰ ਨੇ ਖੋਹ ਲਿਆ ਸੀ" ਨਾਜਾਇਜ਼ ਸ਼ਰਾਬ ਬਨਾਉਣ ਦਾ ਤਰੀਕਾ ਉਸਦੇ ਇਕ ਗੁਆਂਢੀ ਨੇ ਉਸ ਨੂੰ ਦੱਸਿਆ ਸੀ। ਪਹਿਲੋਂ ਤਾਂ ਉਹ ਥੋੜੇ ਲਿਟਰ ਤਿਆਰ ਕਰਦੀ ਸੀ। ਹੁਣ ਤਾਂ ਉਸਦਾ ਕਾਰੋਬਾਰ ਬਹੁਤ ਹੈ। ਛੇ ਮਹੀਨੇ ਦੀ ਹੋਈ ਜੇਲ੍ਹ ਦੀ ਸਜ਼ਾ ਧੰਦਾ ਰੋਕਣ ਲਈ ਕੀ ਅਰਥ ਰਖਦੀ ਹੈ? ਇਸ ਲਈ ਜਦੋਂ ਵੀ ਐਲੀਜ਼ਾ ਦੀ ਜੇਲ੍ਹ ਤੋਂ ਰਿਹਾਈ ਹੋਈ ਤਾਂ ਉਹ ਹੋਰ ਜ਼ੋਰਦਾਰ ਤਰੀਕੇ ਨਾਲ ਆਪਣੇ ਧੰਦੇ ਨੂੰ ਚਲਾਏਗੀ।

—ਧੰਨਵਾਦ ਸਹਿਤ — ਬਾਂਬੇ



ਐਲੀਜ਼ਾ-
ਨਾਜਾਇਜ਼ ਸ਼ਰਾਬ
ਦੇ
ਅੱਡੇ ਦੀ ਸਰਦਾਰ

ਨੌਜੁਆਨ ਟੋਰੀਆਂ ਵਲੋਂ ਜਾਹਨ ਟਰਨਰ ਦੀ ਰੈਲੀ ਭੰਗ ਕਰਨ ਦਾ ਯਤਨ

.ਪੀਅਰੇਫੌਂਡ — ਕਿਊਬਕ ਦੇ ਸ਼ਹਿਰ ਪੀਅਰੇਫੌਂਡ ਵਿਚ ਲਿਬਰਲ ਪਾਰਟੀ ਦੇ ਲੀਡਰ ਜਾਹਨ ਟਰਨਰ ਦੀ ਰੈਲੀ ਨੂੰ ਕੁਝ ਨੌਜੁਆਨ ਟੋਰੀਆਂ ਵਲੋਂ ਭੰਗ ਕਰਨ ਦਾ ਨਿਸਫਲ ਯਤਨ ਕੀਤਾ ਗਿਆ।

ਖਬਰ ਹੈ ਕਿ 1500 ਦੇ ਇਕ ਇਕੱਠ ਵਿਚ ਕੁਝ ਨੌਜੁਆਨ ਟੋਰੀ, ਫਰੀ ਟਰੇਡ ਦੇ ਪੱਖ ਵਿਚ ਮਿ: ਟਰਨਰ ਨੂੰ "ਝੂਠਾ" "ਫਰੀ ਟਰੇਡ" ਅਤੇ "ਬੋਲਣ ਦੀ ਆਜ਼ਾਦੀ' ਦੇ ਨਾਅਰੇ ਲਾਉਣ ਲੱਗੇ ਤਾਂ ਲਿਬਰਲ ਪਾਰਟੀ ਦੇ ਵਰਕਰਾਂ ਨੇ ਉਨ੍ਹਾਂ ਨੂੰ ਘਸੁੰਨ ਫੇਰਿਆ। ਇਕ ਦੋ ਦੇ ਮੱਥੇ ਉਪਰ ਚੁੱਕੇ ਮਾਟੋਆਂ ਦੇ ਡੰਡਿਆਂ ਦੀਆਂ ਟੁਕਰਾਂ ਲੱਗੀਆਂ।

ਕਿਹਾ ਜਾਂਦਾ ਹੈ ਕਿ ਟੋਰੀਆਂ ਦੇ ਹੱਥੋ ਪਾਈ ਉਪਰ ਆ ਜਾਣ ਦਾ ਕਾਰਨ ਉਨ੍ਹਾਂ ਨੂੰ ਦਿਸ ਰਹੀ ਹਾਰ ਹੈ। ਫਰੀ ਟਰੇਡ ਦੇ ਮਸਲੇ ਨੂੰ ਮਰੂਨੀ ਸਰਕਾਰ ਦੇ ਲਈ ਹਾਰ ਕਾਰਨ ਵਜੋਂ ਲਿਆ ਜਾ ਰਿਹਾ ਹੈ।

ਕਿਹਾ ਜਾਂਦਾ ਹੈ ਕਿ ਲਿਬਰਲ ਪਾਰਟੀ ਸਰਕਾਰ ਬਨਾਉਣ ਦੇ ਸਮਰਥ ਹੋ ਸਕੇਗੀ। ਇੰਨ੍ਹਾਂ ਦਿਨਾਂ ਵਿਚ ਮਿ: ਮਰੂਨੀ ਜਿਥੇ ਵੀ ਜਾਂਦੇ ਹਨ ਉਨ੍ਹਾਂ ਨੂੰ ਫਰੀ ਟਰੇਡ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਐਨ ਡੀ ਪੀ ਦੇ ਲੀਡਰ ਮਿ: ਬਰਾਡਬੈਂਟ ਆਪਣਾ ਸਾਰਾ ਜ਼ੋਰ ਟਰਨਰ ਉਪਰ ਨੁਕਤਾਚੀਨੀ ਕਰਨ ਤੇ ਹੀ ਲਾ ਰਹੇ ਹਨ। ਕਈ ਲੋਕ ਸਮਝ ਰਹੇ ਹਨ ਜਿਵੇਂ ਇਉਂ ਕਰਕੇ ਮਿ: ਬਰਾਡਬੈਂਟ ਟੋਰੀਆਂ ਦੀ ਮੱਦਦ ਕਰ ਰਹੇ ਹਨ। ਖਿਆਲ ਕੀਤਾ ਜਾ ਰਿਹਾ ਹੈ ਇਸ ਨਾਲ ਐਨ ਡੀ ਪੀ ਨੂੰ ਕੋਈ ਲਾਭ ਨਹੀਂ ਹੋਣ ਲੱਗਾ।

90 ਕਿਲੋ ਹੈਰੋਇਨ ਫੜੀ

ਖੇਮਕਰਨ — ਅੰਮ੍ਰਿਤਸਰ ਦੇ ਖੇਮਕਰਨ ਇਲਾਕੇ ਵਿਚ ਇਕ ਫਾਰਮ ਉਤੋਂ 90 ਕਿਲੋ ਹੈਰੋਇਨ ਫੜੀ ਗਈ ਜਿਸਦੀ ਕੀਮਤ ਕੌਮਾਂਤਰੀ ਬਜ਼ਾਰ ਵਿਚ 90 ਕਰੋੜ ਰੁਪਏ ਹੈ।

ਕੱਲ੍ਹ ਹੀ ਬੰਬਈ 'ਚ 23 ਕਰੋੜ ਰੁਪਏ ਦੀ ਹੈਰੋਇਨ ਕਸਟਮ ਅਧਿਕਾਰੀਆਂ ਨੇ ਫੜੀ ਜੋ ਯੂਰਪ ਵਿਚ ਹਾਲੈਂਡ ਨੂੰ ਭੇਜੀ ਜਾ ਰਹੀ ਸੀ।

ਨਸਬੰਦੀ ਲਈ 10,000 ਰੁ: ਇਨਾਮ

ਬੰਬਈ — ਮਹਾਰਾਸ਼ਟਰ ਸਰਕਾਰ ਨੇ ਐਲਾਨ ਕੀਤਾ ਹੈ ਕਿ ਜਿਹੜੇ ਜੋੜੇ ਆਪਣੇ ਘਰ ਪਹਿਲੀ ਲੜਕੀ ਦੇ ਜਨਮ ਲੈਣ ਤੋਂ ਪਿਛੋਂ ਆਪਣੀ ਨਸਬੰਦੀ ਕਰਵਾ ਲੈਣਗੇ। ਸਰਕਾਰ ਉਨ੍ਹਾਂ ਨੂੰ ਦਸ ਹਜ਼ਾਰ ਰੁਪਏ ਦਾ ਇਨਾਮ ਦੇਵੇਗੀ। ਇਸ ਇਨਾਮ ਦਾ ਨਾਂ ਪੰਡਤ ਜਵਾਹਰ ਲਾਲ ਨਹਿਰੂ ਬਾਲ ਕੰਨਿਆਂ ਇਨਾਮ ਰੱਖਿਆ ਗਿਆ ਹੈ। ਇਹ ਇਨਾਮ ਪਹਿਲੇ ਲੜਕੇ ਦੇ ਜਨਮ ਤੋਂ ਪਿਛੋਂ ਨਸਬੰਦੀ ਕਰਵਾਉਣ ਵਾਲਿਆਂ ਨੂੰ ਨਹੀਂ ਦਿੱਤਾ ਜਾਵੇਗਾ। ਇਸ ਦਾ ਮੰਤਵ ਸਮਾਜ ਵਿਚ ਇਸਤਰੀ ਦੀ ਹਾਲਤ ਨੂੰ ਸੁਧਾਰਨਾ ਅਤੇ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਦਾ ਦਰਜਾ ਦੇਣਾ ਹੈ।

60 ਹਜ਼ਾਰ ਏਕੜ ਵਿਚ ਪਾਨ ਦੇ ਪੱਤੇ

ਇਲਾਹਾਬਾਦ — ਖਬਰ ਹੈ ਕਿ ਉਤਰ ਪ੍ਰਦੇਸ਼ ਸਰਕਾਰ ਨੇ ਐਲਾਨ ਕੀਤਾ ਹੈ ਕਿ ਰਾਜ ਵਿਚ 60 ਹਜ਼ਾਰ ਏਕੜ ਭੂਮੀ ਵਿਚ ਪਾਨ ਦੇ ਪੱਤੇ ਦੀ ਫਸਲ ਉਗਾਈ ਜਾਵੇਗੀ। ਇਸ ਤਰ੍ਹਾਂ 700 ਕਰੋੜ ਰੁਪਏ ਦੀ ਵਿਕਰੀ ਹੋਵੇਗੀ। ਯਾਦ ਰਹੇ ਕਿ ਭਾਰਤ ਪਾਕਿਸਤਾਨ ਬੰਗਲਾ ਦੇਸ਼ ਵਿਚ ਲੋਕ ਪਾਨ ਖਾਣ ਦੇ ਬਹੁਤ ਸ਼ੌਕੀਨ ਹਨ।



ਵਪਾਰ ਵਿਚ ਵਾਧੇ ਲਈ

ਯਾਦ ਰੱਖੋ

ਕਨੇਡਾ ਦਰਪਨ

The Manitoba Mirror

ਮੈਨੀਟੋਬਾ ਦਰਪਣ

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼ੀਦਣ ਲਈ

NORTH AMERICAN LIFE

ਰਾਜ ਸਿੰਘ ਮਾਨ

ਨੂੰ ਮਿਲੋ

- ਲਾਈਫ ਇਨਸ਼ੋਰੈਂਸ
- ਗਰੁੱਪ ਇਨਸ਼ੋਰੈਂਸ
- ਮਾਰਗੇਜ ਇਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ



R R S P

■ Personal ■ Children's ■ Group ■ Annuities

Ph. 943-1526

1507 - 330 Portage Ave. WINNIPEG, MAN. R3C 0C4

Raj Singh Maan Sales Manager

Res. 694-0731

Commissioner for oaths

V.I.P. SUPERMARKET

Ph. 774-8671

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ,

ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ

ਗੋਲਗੱਪੇ ਅਤੇ ਸਮੋਸਾ ਮੇਕਰ

ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ

ਮਿਲ ਸਕਦੇ ਹਨ

ਸਭ ਤੋਂ ਪੁਰਾਣਾ ਗਰੌਸਰੀ ਸਟੋਰ ਜੋ 12 ਸਾਲ ਤੋਂ ਏਸੇ ਥਾਂ ਹੈ :

V.I.P. SUPERMARKET

739, Elice Ave. WINNIPEG, MAN.

Moti Flour Industries

620 - Sophia St., SELKIRK — MAN.

Ph. 204-482-4111

Or. 204-785-1054

100% ਡੁਰਮ ਕਣਕ ਦਾ ਆਟਾ

ਵੇਸਣ, ਦਲੀਆ, ਮੱਕੀ ਦਾ ਆਟਾ ਹੋਲਸੇਲ ਕੀਮਤਾਂ ਉਤੇ

GRIND YOUR OWN MASALA

ਆਟਾ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕਿਟ ਤੋਂ ਵੀ ਮਿਲ ਸਕਦਾ ਹੈ



BALDEV S. BEDI M.A. B.A. (Hons.)

BROKER AND COMMISSIONER FOR OATHS

ਕਿਸੇ ਭੀ ਕਿਸਮ ਦੀ ਜਾਇਦਾਦ ਖ਼ੀਦਣਾ ਜਾਂ ਵੇਚਣਾ ਚਾਹੁੰਦੇ ਹੋ ?

ਮੁਫਤ ਸਲਾਹ ਮਸ਼ਵਰੇ ਲਈ ਫੋਨ ਕਰੋ :

ਬਲਦੇਵ ਸਿੰਘ ਬੇਦੀ M.A. B.A. (Hons.)

- ਜਾਇਦਾਦ ਰਿਹਾਇਸ਼ੀ, ਕਮਰਸ਼ਲ, ਅਪਾਰਟਮੈਂਟ ਬਲਾਕ, ਵਿਹਲੀ ਜ਼ਮੀਨ, ਹੋਟਲ, ਮੋਟਲ ਜਾਂ ਕੋਈ ਬਿਜਨਿਸ ਹੋਵੇ !
- ਮਾਰਗੇਜ ਦਾ ਪ੍ਰਬੰਧ ਕਰਨਾ ਹੋਵੇ
- ਕਿਰਾਏ ਦੇ ਮਕਾਨਾਂ ਸੰਬੰਧੀ ਕੋਈ ਮਸ਼ਵਰਾ ਲੈਣਾ ਹੋਵੇ

ਆਪਣੀ ਪੰਜਾਬੀ ਰੀਅਲ ਅਸਟੇਟ ਕੰਪਨੀ ਦੀਆਂ ਸੇਵਾਵਾਂ ਦਾ ਲਾਭ ਉਠਾਓ

ਜਿਥੇ ਕੋਈ ਭੀ ਪ੍ਰਾਪਰਟੀ ਵੇਚਣ ਵੇਲੇ 7% ਕਮਿਸ਼ਨ ਦੇਣਾ ਕੋਈ ਜ਼ਰੂਰੀ ਨਹੀਂ !!

AMAN REALTY

1223 Markham Road Winnipeg Man. R3T 4B1

Bus. 269-4411, Res. 261-7598,

24 Hrs: 942-0141

Pager 6366

ਨਾਜ਼ੀਆ ਅਭਿਨੇਤਰੀ ਬਣੀ

ਫਿਲਮਨਾਮਾ

ਸ਼ਮਸ਼ੇਰ ਸਿੰਘ ਸੰਧੂ



ਡਿਸਕੋ ਤੇ ਪਾਪ-ਸੰਗੀਤ ਲਹਿਰ ਦੀ ਉਪਜ ਨਾਜ਼ੀਆ ਹਸਨ ਜੋ ਹੁਣ ਅਭਿਨੇਤਰੀ ਵੀ ਬਣ ਰਹੀ ਹੈ। ਉਸ ਦਾ ਛੋਟਾ ਗਾਇਕ-ਭਰਾ ਜ਼ੋਹਬ ਹਸਨ। ਫੋਟੋ : ਰੂਬੀ ਮਦਾਨ

ਫਿਲਮੀ ਗਾਇਕਾ ਨਾਜ਼ੀਆ ਹਸਨ ਚਿਰਾਂ ਤੋਂ ਦੁਚਿੱਤੀ ਵਿਚ ਸੀ ਕਿ ਅਭਿਨੇਤਰੀ ਬਣਾਂ ਕਿ ਨਾ। ਉਸ ਦਾ ਪਿਤਾ ਬਸ਼ੀਰ ਹਸਨ ਉਸ ਨੂੰ ਫਿਲਮਾਂ 'ਚ ਕੰਮ ਕਰਨੋਂ ਹੁਣ ਤੱਕ ਇਸ ਲਈ ਰੋਕਦਾ ਜਾ ਰਿਹਾ ਸੀ ਕਿ ਕੁੜੀ ਦੀ ਪੜ੍ਹਾਈ ਵਿਚੇ ਰਹਿ ਜਾਵੇਗੀ। ਪਰ ਆਖਰ ਨਾਜ਼ੀਆ ਨੂੰ ਪਾਕਿਸਤਾਨ ਦੇ ਫਿਲਮ ਡਾਇਰੈਕਟਰ ਐਸ ਸੁਲੇਮਾਨ ਨੇ ਅਭਿਨੇਤਰੀ ਵਜੋਂ ਸਾਈਨ ਕਰ ਕੇ ਬਾਕਾਇਦਾ ਸ਼ੂਟਿੰਗ ਆਰੰਭ ਦਿੱਤੀ ਹੈ। ਇਕ ਵਾਰ ਪਹਿਲਾਂ ਵੀ ਨਾਜ਼ੀਆ ਨੂੰ ਪਾਕਿਸਤਾਨੀ ਫਿਲਮਾਂ ਵਿਚ ਲੈਣ ਦਾ ਐਲਾਨ ਹੋਇਆ ਸੀ ਪਰ ਕੋਈ ਪ੍ਰਾਜੈਕਟ ਅੱਗੇ ਨਹੀਂ ਸੀ ਆਇਆ। ਇਧਰ ਵੀ ਚਰਚਾ ਰਹੀ ਸੀ ਕਿ ਰਾਜ ਕਪੂਰ (ਮਰਹੂਮ) ਨੇ 'ਹਿਨਾ' ਫਿਲਮ ਵਾਸਤੇ ਨਾਜ਼ੀਆ ਨੂੰ ਇਕ ਵਾਰ ਧਿਆਨਤ ਕੀਤਾ ਸੀ।

ਪਾਕਿਸਤਾਨੀ ਡਾਇਰੈਕਟਰ ਐਸ ਸੁਲੇਮਾਨ ਦੀ ਇਸ ਉਰਦੂ ਫਿਲਮ ਵਿਚ ਪਾਕਿਸਤਾਨ ਸਿਨੇ-ਸੰਸਾਰ ਦੇ ਵੱਡੇ ਕਲਾਕਾਰ ਮੁਹੰਮਦ ਅਲੀ, ਜ਼ੇਬਾ ਤੇ ਸ਼ਬਨਮ ਵੀ ਅਹਿਮ ਰੋਲ ਨਿਭਾਉਣਗੇ ਜਦ ਕਿ ਹੀਰੋਇਨ ਨਾਜ਼ੀਆ ਹੋਵੇਗੀ। ਫਿਲਮ ਦਾ ਨਾਂ ਅਜੇ ਐਲਾਨਿਆ ਨਹੀਂ ਗਿਆ। ਨਾਜ਼ੀਆ ਇਸ ਫਿਲਮ ਦੇ ਕੁਝ ਗੀਤ ਵੀ ਗਾ ਰਹੀ ਹੈ ਜੋ ਪਰਦੇ ਉਪਰ ਉਸ 'ਤੇ ਫਿਲਮਾਏ ਜਾਣਗੇ। ਇਕ ਗਾਣੇ ਵਿਚ ਨਾਜ਼ੀਆ ਤੋਂ ਇਕ ਸਾਲ ਛੋਟੇ ਉਸ ਦੇ ਗਾਇਕ ਭਰਾ ਜ਼ੋਹਬ ਹਸਨ ਉਪਰ ਵੀ ਕੈਮਰਾ ਘੁੰਮਾਇਆ ਜਾਵੇਗਾ।

ਨਾਜ਼ੀਆ ਦਾ ਪਰਿਵਾਰ ਕਰਾਚੀ ਦਾ ਰਹਿਣ ਵਾਲਾ ਹੈ। ਪਰ ਪਿਤਾ ਬਸ਼ੀਰ ਹਸਨ ਤੇ ਮਾਤਾ ਮੋਨੀਚਾ ਹਸਨ ਦਾ ਲੰਡਨ ਵਿਚ ਕਰੋੜਾਂ ਦਾ ਕਾਰੋਬਾਰ ਹੈ ਤੇ ਪਿਛਲੇ ਬਹੁਤ ਸਾਲਾਂ ਤੋਂ ਉਹ ਲੰਡਨ ਵਿਚ ਵੀ ਵਸੇ ਹੋਏ ਹਨ। ਭਾਰਤੀ ਫਿਲਮ ਡਾਇਰੈਕਟਰ ਫਿਰੋਜ਼ ਖਾਨ ਨੇ ਜਦੋਂ 'ਕੁਰਬਾਨੀ' ਫਿਲਮ ਵਿਚ ਜ਼ੀਨਤ ਅਮਾਨ ਉਪਰ ਫਿਲਮਾਇਆ ਗਾਣਾ ਨਾਜ਼ੀਆ ਦੀ ਆਵਾਜ਼ 'ਚ ਰਿਕਾਰਡ ਕਰਾਇਆ ਸੀ ਤਾਂ ਰਾਤੋ ਰਾਤ "ਆਪ ਜੈਸਾ ਕੋਈ ਮੇਰੀ ਜ਼ਿੰਦਗੀ ਮੇਂ ਆਏ" ਦੀ ਭਰਪੂਰ ਸਫਲਤਾ ਨਾਲ ਚਾਰੇ ਪਾਸੇ ਨਾਜ਼ੀਆ-ਨਾਜ਼ੀਆ ਹੋ ਗਈ ਸੀ। ਉਸ ਸਾਲ ਰਿਕਾਰਡਿੰਗ ਕੰਪਨੀ ਨੇ ਨਾਜ਼ੀਆ ਨੂੰ 'ਪਲਾਟੀਨਮ ਡਿਸਕ' ਦੇ ਕੇ ਸਨਮਾਨਿਆ ਤੇ ਪਿੱਠ-ਵਰਤੀ ਗਾਇਕਾ ਵਜੋਂ 'ਫਿਲਮ ਫੇਅਰ ਐਵਾਰਡ' ਉਸੇ ਨੂੰ ਮਿਲਿਆ। ਭਾਵੇਂ ਡਿਸਕੋ ਤੇ ਪਾਪ-ਸੰਗੀਤ ਦੀ ਲਹਿਰ ਭਾਰਤ ਅਤੇ ਪਾਕਿਸਤਾਨ ਵਿਚ ਬੇਹੱਦ ਉਭਰਨ ਪਿਛੋਂ ਜ਼ਰਾ ਕੁ ਮੱਠੀ ਪੈ ਗਈ ਹੈ, ਫਿਰ ਵੀ ਅਜੇ ਲੱਖਾਂ ਚਹੇਤੇ ਹਨ ਜੋ ਇਸ ਕਿਸਮ ਦੇ ਸੰਗੀਤ ਨੂੰ ਦੂਜੇ ਦੇ ਮੁਕਾਬਲੇ ਅਧਿਕ ਪਸੰਦ ਕਰ ਰਹੇ ਹਨ।

ਨਾਜ਼ੀਆ ਨੇ ਭਾਵੇਂ ਗਾਇਨ ਨੂੰ ਪ੍ਰੋਫੈਸ਼ਨ ਵਜੋਂ ਅਜ ਤੱਕ ਨਹੀਂ ਅਪਣਾਇਆ ਪਰ ਗਾਹੇ-ਬਗਾਹੇ ਭਾਰਤ, ਇੰਗਲੈਂਡ ਤੇ ਪਾਕਿਸਤਾਨ ਵਿਚ ਉਹ ਸਟੇਜ ਪ੍ਰੋਗਰਾਮ ਕਰਦੀ ਰਹਿੰਦੀ ਹੈ। ਕੋਈ ਹੈਰਾਨੀ ਦੀ ਗੱਲ ਨਹੀਂ ਹੋਵੇਗੀ ਜੇ ਅਗਲੇ ਦਿਨਾਂ ਵਿਚ ਉਹ ਭਾਰਤੀ ਫਿਲਮਾਂ ਵਿਚ ਵੀ ਅਭਿਨੇਤਰੀ ਵਜੋਂ ਚੁਣ ਲਈ ਜਾਵੇ।

ਮੰਦਾਕਨੀ ਹੁਣ ਗੁੱਸਾ ਨਹੀਂ ਕਰਦੀ

ਨਵੀਂ ਪੀੜ੍ਹੀ ਦੀਆਂ ਅਭਿਨੇਤਰੀਆਂ ਫਰਹਾ, ਕਿਮੀ ਕਾਟਕਰ, ਸੋਨਮ ਆਦਿ ਵਾਂਗ ਮੰਦਾਕਨੀ ਵੀ ਖਟਮਿਠੀ ਚਰਚਾ ਦੀ ਅਕਸਰ ਸ਼ਿਕਾਰ ਹੋਈ ਰਹਿੰਦੀ ਹੈ। ਉਹ ਜਿਸ ਦਿਨ ਦੀ ਫਿਲਮ ਇੰਡਸਟਰੀ 'ਚ ਆਈ ਹੈ ਉਹਦਾ ਕਿਸੇ ਨਾ ਕਿਸੇ ਨਾਲ ਰੁਮਾਂਸ ਦਾ ਜ਼ਿਕਰ ਛਿੜਦਾ ਹੀ ਰਹਿੰਦਾ ਹੈ। ਕਦੇ ਉਹਦੇ ਨਾਂ ਨਾਲ ਰਾਜੀਵ ਕਪੂਰ ਦਾ ਨਾਂ ਜੋੜਿਆ ਗਿਆ, ਕਦੇ ਅਮਨ ਵਿਰਕ ਦਾ, ਕਦੇ ਆਸ਼ਿਸ਼ ਚਾਨਣਾ ਦਾ ਅਤੇ ਕਦੇ ਗੋਵਿੰਦਾ ਦਾ।

ਮੰਦਾਕਨੀ ਦਾ ਕਹਿਣਾ ਹੈ ਕਿ ਇਸ ਖੇਤਰ ਵਿਚ ਜਿਤਨਾ ਮਰਜ਼ੀ ਅਭਿਨੇਤਰੀ ਆਪਣੇ ਆਪ ਨੂੰ ਸੰਭਾਲ ਕੇ ਤੁਰੇ, ਉਸ ਉਪਰ ਊਜਾਂ ਦੇ ਛਿੱਟੇ ਪੈਣੋਂ ਨਹੀਂ ਹਟਦੇ। ਪਹਿਲਾਂ ਪਹਿਲ ਉਹਨੂੰ ਇਸ ਤਰ੍ਹਾਂ ਦੀਆਂ ਗੱਲਾਂ ਬਹੁਤ ਪਰੇਸ਼ਾਨ ਕਰ ਦਿੰਦੀਆਂ ਸਨ ਪਰ ਹੁਣ ਉਹ ਹਰ ਊਜ ਨੂੰ ਹੱਸ ਕੇ ਸਹਿ ਲੈਂਦੀ ਹੈ। ਇਕ ਸਮਾਂ ਆਇਆ ਸੀ ਕਿ ਮੰਦਾਕਨੀ ਫਿਲਮੀ ਰਿਸਾਲਿਆਂ ਦੇ ਪੱਤਰਕਾਰਾਂ ਨੂੰ ਇੰਟਰਵਿਊਆਂ ਦੇਣੋਂ ਹਟ ਗਈ ਸੀ। ਪਰ ਊਜਾਂ ਦਾ ਦੌਰ ਫੇਰ ਵੀ ਚਲਦਾ ਰਿਹਾ। ਅੱਜ ਕੱਲ੍ਹ ਤਾਂ ਉਹ ਜਦੋਂ ਇੰਟਰਵਿਊ ਦੇ ਕੇ ਹਟਦੀ ਹੈ ਤਾਂ ਖੁਦ ਹੀ ਹੱਸ ਕੇ ਫਿਲਮੀ ਪੱਤਰਕਾਰਾਂ ਨੂੰ ਪੁੱਛ ਲੈਂਦੀ ਹੈ ਕਿ ਇਸ ਵਾਰ ਮੇਰੇ ਨਾਲ ਕਿਹੜੇ ਐਕਟਰ ਦਾ ਨਾਂ ਜੋੜ ਰਹੇ ਹੋ। ਪਿਛਲੇ ਦਿਨੀਂ ਇਕ ਪੱਤ੍ਰਿਕਾ ਵਿਚ ਮੰਦਾਕਨੀ ਦਾ ਰੁਮਾਂਸ ਧਰਮਿੰਦਰ ਨਾਲ ਜ਼ੋਰ ਫੜਦਾ ਲਿਖਿਆ ਹੋਇਆ ਸੀ। ਉਸ ਪੱਤਰਕਾਰ ਨੂੰ ਮੰਦਾਕਨੀ ਨੇ ਮਿਲਣ 'ਤੇ ਕਿਹਾ, "ਗੱਪ ਕੁਝ ਇਸ ਤਰ੍ਹਾਂ ਦਾ ਮਾਰਿਆ ਕਰੋ ਕਿ ਲੋਕਾਂ ਨੂੰ ਮਾੜਾ ਮੋਟਾ ਸੱਚਾ ਵੀ ਲੱਗੇ। ਤੁਸੀਂ ਤਾਂ ਉਮਰ ਦਾ ਵੀ ਖਿਆਲ ਨਾ ਰੱਖਿਆ, ਧਰਮ ਜੀ ਦੀ ਬਜਾਏ ਮੇਰਾ ਨਾਂ ਘੱਟੋ ਘੱਟ ਸੰਨੀ ਦਿਓਲ ਨਾਲ ਹੀ ਜੋੜ ਦਿੰਦੇ।"

ਸਫਲਤਾ-ਅਸਫਲਤਾ ਦਾ ਰਹੱਸ

ਭਾਰਤ ਕੀ ਸੰਸਾਰ ਭਰ ਦੇ ਫਿਲਮ ਪ੍ਰੋਡਿਊਸਰਾਂ ਅਤੇ ਡਾਇਰੈਕਟਰਾਂ ਨੂੰ ਅਜੇ ਤੱਕ ਕੋਈ ਪੱਕਾ ਫਾਰਮੂਲਾ ਨਹੀਂ ਲੱਭਿਆ ਜਿਸ ਬਾਰੇ ਕਿਹਾ ਜਾਵੇ ਕਿ ਇਹੋ ਫਿਲਮ ਨੂੰ ਹਿੱਟ ਕਰੇਗਾ। ਫਿਲਮਕਾਰ ਭਾਵੇਂ ਇਸ ਮਾਮਲੇ 'ਚ ਗਹਿਰ-ਗੰਭੀਰਤਾ ਨਾਲ ਸੋਚਣ-ਵਿਚਾਰਨ ਦੀਆਂ ਲੱਖ ਕੋਸ਼ਿਸ਼ਾਂ ਕਰ ਚੁੱਕੇ ਹਨ ਤੇ ਕਰ ਰਹੇ ਹਨ ਪਰ ਠੋਸ ਰੂਪ ਵਿਚ ਕੁਝ ਵੀ ਸਾਹਮਣੇ ਨਹੀਂ ਆਇਆ।

ਇਕੋ ਫਿਲਮ ਖੇਤਰੀ ਭਾਸ਼ਾ ਵਿਚ ਸੁਪਰਹਿੱਟ ਸਾਬਤ ਹੋ ਜਾਂਦੀ ਹੈ ਤੇ ਕਿਸੇ ਹੋਰ ਭਾਸ਼ਾ ਵਿਚ ਠੁੱਸ ਹੋ ਕੇ ਰਹਿ ਜਾਂਦੀ ਹੈ। ਇਸ ਸੰਬੰਧ 'ਚ 'ਮਾਸਟਰ ਜੀ' ਅਤੇ 'ਪੇਟ ਪਿਆਰ ਔਰ ਪਾਪ' ਵਰਗੀਆਂ ਦਰਜਨਾਂ ਫਿਲਮਾਂ ਦੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਇਹ ਦੋਹੇਂ ਫਿਲਮਾਂ ਦੱਖਣੀ ਭਾਸ਼ਾਵਾਂ 'ਚ ਕਮਾਲ ਕਰ ਗਈਆਂ ਸਨ ਪਰ ਹਿੰਦੀ ਵਿਚ ਮੁਰਝਾ ਗਈਆਂ ਸਨ।

ਜੇ ਸਮਝਿਆ ਜਾਵੇ ਕਿ ਇਕ ਵਾਰ ਸਫਲ ਫਿਲਮ ਬਣਾ ਕੇ ਕਿਸੇ ਫਿਲਮਕਾਰ ਨੂੰ 'ਲੋਕਾਂ ਦੀ ਨਬਜ਼' ਦਾ ਪਤਾ ਲਗ ਗਿਆ ਤਾਂ ਇਹ ਵੀ ਵੱਡੀ ਭੁੱਲ ਹੋਵੇਗੀ। ਯਾਦ ਹੋਵੇਗਾ ਕਿ ਸਿੱਪੀ ਭਰਾਵਾਂ ਨੇ 'ਸ਼ੋਅਲੇ' ਵਰਗੀ ਧੜੱਲੇਦਾਰ ਫਿਲਮ ਬਣਾਈ ਅਤੇ ਅਗਾਂਹ ਜਾ ਕੇ 'ਸ਼ਾਨ' ਵਰਗੀ ਫੁਸਫੁਸੀ ਫਿਲਮ ਬਣਾ ਧਰੀ। ਫਿਲਮਾਂ ਵਾਸਤੇ ਇਕ ਫਾਰਮੂਲਾ ਇਹ ਗਿਣਿਆ ਜਾਂਦਾ ਹੈ ਕਿ ਜੇਕਰ ਕਹਾਣੀ ਵਿਚ ਜਾਨ ਹੋਵੇ ਤਾਂ ਫਿਲਮ ਫੇਲ੍ਹ ਨਹੀਂ ਹੋ ਸਕਦੀ ਪਰ ਦਰਜਨਾਂ ਫਿਲਮਾਂ ਖ਼ੂਬਸੂਰਤ ਕਹਾਣੀ ਦੇ ਬਾਵਜੂਦ ਚੱਲ ਨਾ ਸਕੀਆਂ। ਰਾਜ ਕਪੂਰ ਦੀ 'ਮੇਰਾ ਨਾਮ ਜੋਕਰ' ਦੀ ਕਹਾਣੀ ਹਟਵੀਂ ਸੀ, ਸੱਜਰੀ ਸੀ ਤੇ ਵਧੀਆ ਵੀ ਪਰ ਲੋਕਾਂ ਨੂੰ ਸਮੁੱਚਤਾ 'ਚ ਫਿਲਮ ਪਸੰਦ ਨਹੀਂ ਆਈ।

ਐਕਸ਼ਨ ਤੇ ਮਾਰਧਾੜ ਦੇ ਦ੍ਰਿਸ਼ਾਂ ਦੀ ਬਹੁਲਤਾ ਨੂੰ ਆਮ ਕਰ ਕੇ ਕਮਰਸ਼ੀਅਲ ਸਿਨਮੇ ਦੀ ਜ਼ਿੰਦਜਾਨ ਮੰਨਿਆ ਜਾਂਦਾ ਹੈ। ਜੇਕਰ ਗੱਲ ਇਥੇ ਹੀ ਖੜ੍ਹੀ ਹੋਵੇ ਤਾਂ ਇਨ੍ਹਾਂ ਸਾਲਾਂ ਵਿਚ ਰਿਲੀਜ਼ ਹੋਈਆਂ ਸਾਰੀਆਂ ਫਿਲਮਾਂ ਨੂੰ ਹੀ ਕਾਮਯਾਬ ਹੋ ਜਾਣਾ ਚਾਹੀਦਾ ਸੀ ਜਦ ਕਿ ਚੱਲੀਆਂ ਸਿਰਫ ਇੱਕੜ-ਦੁੱਕੜ।

ਸਟਾਰ-ਐਕਟਰ ਤੇ ਸਟਾਰ-ਐਕਟਰਸਾਂ ਨਾਲ ਹੀ ਜੇ ਹਰ ਫਿਲਮ ਨੇ ਸਫਲਤਾ ਪ੍ਰਾਪਤ ਕਰਨੀ ਹੋਵੇ ਤਾਂ ਅਮਿਤਾਭ ਬਚਨ, ਧਰਮਿੰਦਰ, ਸ੍ਰੀਦੇਵੀ ਦੀ ਕੋਈ ਫਿਲਮ ਫੇਲ੍ਹ ਹੀ ਨਹੀਂ ਹੋਣੀ ਚਾਹਹੀਦੀ ਜਦ ਕਿ ਪਿਛਲੇ ਸਮੇਂ 'ਚ ਦੇਖਣ ਵਿਚ ਆਇਆ ਹੈ ਕਿ ਇਹ ਮਹਾਂਰਥੀ ਵੀ ਹਰ ਫਿਲਮ ਨੂੰ ਪਾਸ ਨਾ ਕਰਾ ਸਕੇ।

ਸਫਲਤਾ ਤੇ ਅਸਫਲਤਾ ਦੇ ਰਹੱਸ ਨੂੰ ਨਾ-ਪੱਖੀ ਨਹੀਂ ਬਲਕਿ ਹਾਂ-ਪੱਖੀ ਲੈਣਾ ਚਾਹੀਦਾ ਹੈ। ਇਹੋ ਰਹੱਸ ਹੈ ਜੋ ਸਾਰੇ ਫਿਲਮਕਾਰਾਂ ਤੋਂ ਕੰਮ ਕਰਵਾ ਰਿਹਾ ਹੈ, ਇਹੋ ਰਹੱਸ ਹੈ ਜੋ ਸਿਹਤਮੰਦ ਮੁਕਾਬਲੇ ਕਰਵਾਉਂਦਾ ਹੈ, ਇਹੋ ਰਹੱਸ ਹੈ ਜੋ ਨਵੀਆਂ ਤੇ ਵੱਡੀਆਂ ਸੋਚਾਂ ਨੂੰ ਜਨਮ ਦਿੰਦਾ ਹੈ।

ਜੇ ਇਹ ਰਹੱਸ ਨਾ ਹੋਵੇ ਤਾਂ ਸ਼ਾਇਦ ਫਿਲਮ ਇੰਡਸਟਰੀ ਦਾ ਤਵੇ ਉਪਰ ਅਣਥੱਲੀ ਰੋਟੀ ਵਾਂਗ ਇਕ ਪਾਸ ਹੀ ਸੜ ਜਾਵੇ। ਫਿਲਮ-ਵਿਕਾਸ ਦਾ ਧੁਰਾ ਇਹ ਰਹੱਸ ਹੀ ਹੈ।

ਫ਼ਿਲਮੀ ਸਫਰ ਦਾ ਲੇਖਾ-ਜੋਖਾ

ਐਸ. ਅਸ਼ੋਕ ਭੌਰਾ

ਕੁਲਦੀਪ ਮਾਣਕ ਦਾ ਨਾਂ 'ਬਲਬੀਰੋ ਭਾਬੀ' ਦੇ ਨਿਰਮਾਣ ਪਿਛੋਂ ਪੰਜਾਬੀ ਫਿਲਮਾਂ ਨਾਲ ਪੂਰੀ ਤਰ੍ਹਾਂ ਜੁੜਿਆ ਸੀ। ਕੁਝ ਇਸ ਤਰ੍ਹਾਂ ਦੀਆਂ ਕਿਆਸਅਰਾਈਆਂ ਵੀ ਚਲਦੀਆਂ ਸਨ ਕਿ ਮਾਣਕ ਪੰਜਾਬੀ ਫਿਲਮ ਨਿਰਮਾਣ ਵਿਚ ਚੋਖਾ ਹਿਸਾ ਪਾਏਗਾ। ਇਸ ਫਿਲਮ ਵਿਚ ਭਾਵੇਂ ਉਹ ਗੁਰਚਰਨ ਪੋਹਲੀ ਤੇ ਚੰਨ ਗੁਰਾਇਆਂ ਵਾਲੇ ਨਾਲ ਭਾਈਵਾਲ ਸੀ, ਪਰ ਜਦੋਂ ਉਸ ਨੂੰ ਸਿੱਕਿਆਂ ਨਾਲ ਤੋਲਿਆ ਗਿਆ ਤਾਂ ਉਸ ਨੇ 'ਦੇਸੀ ਮੇਮ' ਤੇ 'ਗੀਤਾਂ ਦਾ ਵਣਜਾਰਾ' ਦਾ ਐਲਾਨ ਕਰ ਦਿੱਤਾ। ਭਾਵੇਂ ਉਹਦੇ ਵਿਰੋਧੀ ਉਦੋਂ ਕੱਛਾਂ ਵਜਾਉਂਦੇ ਸਨ ਕਿ ਦੇਖਾਂਗੇ ਜਦੋਂ ਮਾਣਕ ਇਨ੍ਹਾਂ ਫਿਲਮਾਂ ਨੂੰ ਮੁਕੰਮਲ ਕਰ ਲਏਗਾ। ਪਰ ਜਦੋਂ ਬਲਦੇਵ ਗਰੇਵਾਲ ਦੀ ਕਹਾਣੀ ਤੇ ਆਧਾਰਿਤ 'ਗੀਤਾਂ ਦਾ ਵਣਜਾਰਾ' ਦਾ ਨਿਰਮਾਣ ਸ਼ੁਰੂ ਹੋਇਆ ਤੇ ਇਸ ਫਿਲਮ ਦੀ 13 ਦਿਨਾਂ ਦੀ ਸ਼ੂਟਿੰਗ ਵੀ ਬੰਬਈ ਵਿਚ ਮੁਕੰਮਲ ਕਰ ਲਈ ਗਈ, 6 ਗੀਤ ਰਿਕਾਰਡ ਹੋ ਗਏ ਤਾਂ ਇਨ੍ਹਾਂ ਨੂੰ ਜੀਭ ਦੰਦਾਂ ਹੇਠ ਦੇਣੀ ਪਈ।

ਇਹਦੇ ਬਾਰੇ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਜੇ ਮਾਣਕ ਇਨ੍ਹਾਂ ਫਿਲਮਾਂ ਨੂੰ ਮੁਕੰਮਲ ਕਰਨ ਵਿਚ ਕਾਮਯਾਬੀ ਹਾਸਿਲ ਕਰ ਜਾਂਦਾ ਤਾਂ ਅੱਜ ਉਹਨੇ ਪੰਜਾਬੀ ਫਿਲਮ ਨਿਰਮਾਣ ਵਿਚ ਸਭ ਤੋਂ ਮੂਹਰਲੀਆਂ ਸਫਾਂ ਤੇ ਹੋਣਾ ਸੀ। ਬੰਬਈ ਤੋਂ ਪਿਛੋਂ ਪੰਜਾਬ ਵਿਚ ਸ਼ੂਟਿੰਗ ਕਰਨ ਦਾ ਪਲਾਨ ਬਣਾਇਆ ਜਾ ਚੁਕਾ ਸੀ ਪਰ ਐਨ ਮੌਕੇ ਤੇ ਕਿਸੇ ਜ਼ਰੂਰੀ ਵਜ੍ਹਾ ਕਾਰਨ ਮਾਣਕ ਨੂੰ ਵਿਦੇਸ਼ੀ ਟੂਰ ਤੇ ਜਾਣਾ ਪੈ ਗਿਆ। ਅੱਠਾਂ ਮਹੀਨਿਆਂ ਦੇ ਵਕਫੇ ਪਿਛੋਂ ਜਦੋਂ ਉਹ ਵਾਪਿਸ ਪਰਤਿਆ ਤਾਂ ਉਹਦੇ ਕੁਝ ਉਨ੍ਹਾਂ ਮਿਤਰਾਂ ਨੇ ਦਗਾ ਕੀਤਾ, ਜਿਨ੍ਹਾਂ 'ਤੇ ਉਹਨੂੰ ਵਿਸ਼ਵਾਸ ਸੀ। ਮਾਣਕ ਦੀਆਂ ਤਲੀਆਂ ਹੇਠ ਹੱਥ ਦੇਣ ਵਾਲਿਆਂ ਨੇ ਉਹਦੇ ਨਾਲ ਪਿੱਠ ਜੋੜ ਲਈ। ਉਦੋਂ ਕੁਝ ਅਜਿਹੀ ਰਾਇ ਵੀ ਪੈਦਾ ਹੋਈ ਕਿ ਮਾਣਕ ਆਰਥਿਕ ਪੱਖੋਂ ਡੋਲ ਗਿਆ ਹੈ। ਪਰ ਜਦੋਂ ਕਿ ਅੱਜ ਤਕ ਕਦੇ ਅਜਿਹਾ ਵੇਲਾ ਨਹੀਂ ਆਇਆ, ਜਦੋਂ ਗਾਇਕੀ ਦੇ ਪਿੜ ਅੰਦਰ ਉਹਦੀ ਗੁੱਡੀ ਅੰਬਰੋਂ ਉਤਰੀ ਹੋਵੇ। ਉਹਦੇ ਕੋਲ ਉਨ੍ਹਾਂ ਦਿਨਾਂ ਵਿਚ ਵੀ ਅਖਾੜਿਆਂ ਦੀ ਟੋਟ ਨਹੀਂ ਆਈ ਜਦੋਂ ਕਈ ਗਾਉਣ ਵਾਲੇ ਹੋਰ ਧੰਦਾ ਕਰਨ ਦੀਆਂ ਵਿਚਾਰਾਂ ਵੀ ਕਰਨ ਲੱਗ ਪਏ ਸਨ। ਤੇ ਆਰਥਿਕ ਪੱਖੋਂ ਕਦੇ ਉਹਨੇ ਪ੍ਰਵਾਹ ਨਹੀਂ ਕੀਤੀ।

ਦੋ ਲੱਖ ਦੇ ਕਰੀਬ ਹੋਏ ਖਰਚ ਨੂੰ ਮੁੜ ਜੇਬ ਪਾਉਣ ਲਈ ਮਾਣਕ ਨੇ ਜਦੋਂ ਏਸ ਫਿਲਮ ਦੇ ਫਿਰ ਨਿਰਮਾਣ ਦੀ ਕੋਸ਼ਿਸ਼ ਕੀਤੀ ਤਾਂ ਪ੍ਰਮਜੀਤ ਸੰਧੂ ਨੇ ਇਸ ਫਿਲਮ ਵਲੋਂ ਮੂੰਹ ਵੱਟ ਕੇ ਕਰਤਾਰ ਰਮਲੇ ਨਾਲ ਵਿਆਹ ਕਰਵਾ ਲਿਆ। ਪਰ ਮਾਣਕ ਨੂੰ ਪੂਰਾ ਝਟਕਾ ਉਦੋਂ ਲੱਗਾ ਜਦੋਂ ਮਧੂ ਮਾਲਿਨੀ ਦੀ ਮੌਤ ਹੋ ਗਈ ਤੇ ਇਸ ਤਰ੍ਹਾਂ ਮਾਣਕ ਦੇ ਅਨੇਕਾਂ ਅਰਮਾਨ ਢਿੱਡ ਵਿਚ ਹੀ ਰਹਿ ਗਏ।

Popular Furniture Mfg. Ltd.


7935 - 128th Street, SURREY, B.C. **Ph. 596-1216**

ਵੈਨਕੂਵਰ ਵਿਚ
ਪਹਿਲੀ ਵਾਰ ਫਰਨੀਚਰ ਫੈਕਟਰੀ ਤੋਂ ਸਿੱਧਾ ਹੋਲਸੇਲ ਕੀਮਤਾਂ ਤੇ ਮਿਲਣ ਲੱਗਾ ਹੈ


ਸਿੱਧੇ ਫੈਕਟਰੀ 'ਤੇ ਪਹੁੰਚੋ

ਤੇ ਮਨਮਰਜ਼ੀ ਦਾ ਫਰਨੀਚਰ ਖ੍ਰੀਦੋ
ਰੰਗ-ਬਰੰਗੀਆਂ ਸੇਲਾਂ ਤੋਂ ਬਚੋ —


ਰੀਟੇਲ ਫਰਨੀਚਰ ਸਟੋਰਾਂ ਨੇ ਫੈਕਟਰੀ ਕੀਮਤਾਂ ਬੀਟ (Beat) ਤਾਂ ਕੀ ਕਰਨੀਆਂ ਹਨ - (Meet) ਵੀ ਨਹੀਂ ਪਹੁੰਚ ਸਕਦੇ।



885 Pine



585 Pine



985 Pine



685 Pine

ਫਰਨੀਚਰ ਫੈਕਟਰੀ ਤੋਂ ਸਿੱਧਾ ਖ੍ਰੀਦਣ ਨਾਲ

ਬੱਚਤ ਹੀ ਬੱਚਤ

ਆਓ, [illegible]

- ਕਸਟਮ ਮੇਡ ਫਰਨੀਚਰ
- ਕੁਆਲਿਟੀ ਦੀ ਗਰੰਟੀ
- ਲੱਕੜ (Wood) ਦਾ ਬਣਿਆ ਫਰਨੀਚਰ

ਫੈਕਟਰੀ ਸ਼ੋ-ਰੂਮ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ

Factory Hours: 12.00 PM to 5:00 PM


School Board

SME

Alderman



ਡੋਰੀਨ ਬੀਨਰ
4 ਸਾਲ ਤੋਂ ਸਕੂਲ ਬੋਰਡ ਦੀ ਮੈਂਬਰ, ਸਕੂਲ ਬੋਰਡ ਦੀਆਂ ਕਮੇਟੀਆਂ ਦੀ ਵਾਈਸ-ਚੇਅਰਮੈਨ



ਜੈਰੀ ਹਿਊਟ
6 ਸਾਲ ਤੋਂ ਸਰੀ ਕੌਂਸਲ ਦਾ ਮੈਂਬਰ ਹੈ। ਪਲੈਨਿੰਗ ਕਮੇਟੀ ਦਾ 3 ਸਾਲ ਮੈਂਬਰ ਰਿਹਾ।

ਆਪਣੇ ਅਜ਼ਮਾਏ ਹੋਏ ਐਲਡਰਮੈਨਾਂ ਤੇ ਸਕੂਲ ਟਰੱਸਟੀਆਂ ਨੂੰ ਵੋਟ ਪਾ ਕੇ ਕਾਮਯਾਬ ਕਰੋ !

- ਐਸ. ਐਮ. ਈ. ਦੇ ਉਮੀਦਵਾਰ ਤੁਹਾਡੇ ਪੁਰਾਣੇ, ਹੰਢੇ ਹੋਏ ਤੇ ਤਜਰਬਾਕਾਰ ਉਮੀਦਵਾਰ ਹਨ।
- ਸਰੀ ਦੀ ਕਮਿਊਨਿਟੀ ਐਸ. ਐਮ. ਈ. ਦੇ ਉਮੀਦਵਾਰਾਂ ਦੇ ਹੱਥਾਂ ਵਿਚ ਸੁਰੱਖਿਅਤ ਹੈ।
- ਸਰੀ ਵਿਚ ਆਪਣੇ ਬੱਚਿਆਂ ਦੀ ਵਿਦਿਆ ਨੂੰ ਵਧੀਆ ਪੱਧਰ ਦੀ ਰੱਖਣ ਲਈ ਤਜਰਬੇਕਾਰ ਸਕੂਲ ਟਰੱਸਟੀਆਂ ਨੂੰ ਅੱਗੇ ਲਿਆਓ
- ਇਹ ਐਲਡਰਮੈਨ ਇੰਡੋ-ਕੈਨੇਡੀਅਨ ਕਮਿਊਨਿਟੀ ਦੀ ਬਿਹਤਰੀ ਲਈ ਸਦਾ ਕੰਮ ਕਰਦੇ ਆਏ ਹਨ।

ਚੁਣੇ ਉਮੀਦਵਾਰ ਕੌਣ ਹਨ ?

- ਸਖ਼ਤ ਮਿਹਨਤੀ ਤੇ ਲੋਕ-ਸੇਵਾ ਕਰਨ ਵਾਲੇ
- ਕਮਿਊਨਿਟੀ ਨੂੰ ਵਧੀਆ ਸੇਵਾਵਾਂ ਦੇਣ ਵਾਲੇ ਵਿਅਕਤੀ
- ਪਬਲਿਕ ਫੰਕਸ਼ਨਾਂ ਵਿਚ ਲਗਾਤਾਰ ਸ਼ਾਮਲ ਹੋਣ ਵਾਲੇ
- ਜੋ ਸਰੀ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਹਨ

ਉਸ ਦਿਨ ਵੋਟ ਪਾ ਕੇ ਤੁਸੀਂ

- ਵਧੀਆ ਕੰਮ ਕਰਨ ਵਾਲੇ ਵਿਅਕਤੀ ਚੁਣੋਗੇ
- ਉਹ ਤੁਹਾਡੇ ਇਲਾਕੇ ਨੂੰ ਵਧੀਆ ਬਨਾਉਣਗੇ
- ਉਹ ਤੁਹਾਡੇ ਮਨੋਰੰਜਨ ਵਾਲੀਆਂ ਥਾਵਾਂ ਤੇ ਪ੍ਰੋਗਰਾਮਾਂ ਨੂੰ ਬਿਹਤਰ ਬਨਾਉਣਗੇ
- ਵਧੀਆ ਸਕੂਲਾਂ ਦਾ ਪ੍ਰਬੰਧ ਕਰਨਗੇ



ਕੈਨ ਬੂਥ
7 ਸਾਲ ਤੋਂ ਸਕੂਲ ਬੋਰਡ ਦਾ ਮੈਂਬਰ ਹੈ ਤੇ ਵਾਈਸ ਚੇਅਰਮੈਨ ਹੈ। ਮੈਨੇਜਮੈਂਟ ਵਿਚ ਨਿਪੁੰਨ ਹੈ।



ਕੈਰਲ ਕਰ
3 ਸਾਲ ਤੋਂ ਐਲਡਰਮੈਨ ਹੈ। ਪੁਲਸ ਕਮੇਟੀ ਦੀ ਚੇਅਰਮੈਨ ਹੈ।

19 ਨਵੰਬਰ ਨੂੰ ਵੋਟ ਪਾਉਣਾ ਨਾ ਭੁੱਲੋ



ਜੌਸਿਫ ਬਰਾਊਨ
ਫਰੇਜ਼ਰ ਲੇਕ ਵਿਚ 2 ਸਾਲ ਐਲਡਰਮੈਨ ਰਿਹਾ। ਬਾਲਗ ਵਿਦਿਆ ਦਾ ਟੀਚਰ ਹੈ।



ਸੁਰਜੀਤ ਕੂਨਰ
ਬਿਜ਼ਨਿਸ ਮੈਨ ਹੈ ਤੇ ਸਬਸਟੀਚਿਊਟ ਟੀਚਰ ਹੈ।

Schoolboard ਸਕੂਲ ਬੋਰਡ


BIENER Doreen ਬੀਨਰ ਡੋਰੀਨ	X
BOOTH Kenneth ਬੂਥ ਕਿਨ	X
BROWN Joseph ਬਰਾਊਨ ਜੌਸਿਫ	X
... ...	
... ...	
... ...	
McNALLY Laurae ਮਿਕਨੈਲੀ ਲੌਰੀ	X
... ...	
... ...	
... ...	

Alderman ਐਲਡਰਮੈਨ

... ...	
... ...	
... ...	
... ...	
HUOT Jerry ਹਿਊਟ ਜੈਰੀ	X
... ...	
KERR Carol ਕਰ ਕੈਰਲ	X
KOONER Surjit ਕੂਨਰ ਸੁਰਜੀਤ	X
... ...	
... ...	
... ...	
... ...	
... ...	
... ...	
WATKINS Gary ਵਾਟਕਿਨਜ਼ ਗੈਰੀ	X
... ...	

ਵੋਟਾਂ ਪਾਉਣ ਸਮੇਂ ਇਹ ਨਾਂ ਯਾਦ ਰੱਖੋ

- ਜੇ ਤੁਹਾਨੂੰ ਰਾਈਡ ਜਾਂ ਹੋਰ ਮੱਦਦ ਦੀ ਲੋੜ ਹੈ ਤਾਂ ਫ਼ੋਨ ਕਰੋ : 590-7067



ਲੌਰੀ ਮਕਨੈਲੀ
8 ਸਾਲ ਤੋਂ ਸਕੂਲ ਬੋਰਡ ਦੀ ਮੈਂਬਰ ਹੈ ਤੇ ਬੋਰਡ ਦੀ ਚੇਅਰਮੈਨ ਹੈ।



ਗੈਰੀ ਵਾਟਕਿਨਜ਼
20 ਸਾਲ ਤੋਂ ਸਰੀ ਦੀ ਸੇਵਾ ਕਰ ਰਿਹਾ ਹੈ। 8 ਸਾਲ ਸਕੂਲ ਟਰੱਸਟੀ ਤੇ 12 ਸਾਲ ਤੋਂ ਐਲਡਰਮੈਨ ਹੈ।